# ਦੇਸ਼ ਦੁਆਬਾ

VOL - 3 ISSUE - 14-17
November 20, 2014
Postal Address
5101 Doe Hollow Pl, Antelope, CA-95843
www.deshdoaba.com
www.ambedkartimes.com


ਮਾਨਵਤਾ ਦੇ ਰਹਿਬਰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਦੇਸ਼ ਵਿਦੇਸ਼ ਵਿਚ ਸਮੂਹ ਸੰਗਤਾਂ ਅਤੇ ਸਭਾਵਾਂ ਦੁਆਰਾ ਮਨਾਏ ਜਾਣ ਦੀਆਂ ਅਦਾਰਾ ''ਦੇਸ਼ ਦੁਆਬਾ'' ਅਤੇ ''ਅੰਬੇਦਕਰ ਟਾਈਮਜ਼'' ਵੱਲੋਂ ਲੱਖ ਲੱਖ ਵਧਾਈਆਂ ਜੀ।




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਓਬਾਮਾ ਦੇ ਇੰਮੀਗ੍ਰੇਸ਼ਨ ਸੁਧਾਰਾਂ ਦਾ ਫਾਇਦਾ ਹੋ ਸਕਦਾ ਹੈ ਸਾਢੇ ਚਾਰ ਲੱਖ ਭਾਰਤੀਆਂ ਨੂੰ

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਦੀ ਨਵੀਂ ਪ੍ਰਵਾਸੀਆਂ ਨੂੰ ਡੀਪੋਰਟੇਸ਼ਨ ਤੋਂ ਰਾਹਤ ਦਿਵਾਉਣ ਵਾਲੀ ਨੀਤੀ ਦਾ ਫਾਇਦਾ ਉਹਨਾਂ ਨਜਾਇਜ਼ ਤੌਰ ਤੇ ਭਾਰਤੀ ਮੂਲ ਦੇ ਰਹਿ ਰਹੇ ਪ੍ਰਵਾਸੀਆਂ ਨੂੰ ਵੀ ਮਿਲੇਗਾ, ਜਿਹਨਾਂ ਦੇ ਸਿਰ ਤੇ ਡੀਪੋਰਟੇਸ਼ਨ ਦੀ ਤਲਵਾਰ ਅਕਸਰ ਲਟਕਦੀ ਰਹਿੰਦੀ ਹੈ। ਹਾਲਾਂਕਿ ਸ੍ਰੀ ਓਬਾਮਾ ਦੀ ਇਸ ਨੀਤੀ ਦਾ ਰਿਪਬਲਿਕਨ ਪਾਰਟੀ ਨੇ ਵਿਰੋਧ ਕੀਤਾ ਹੈ, ਜਿਸ ਕਾਰਨ ਸ੍ਰੀ ਓਬਾਮਾ ਦੀ ਨਵੀਂ ਨੀਤੀ ਵਿਚ ਅੜਿੱਕੇ ਪੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸ੍ਰੀ ਓਬਾਮਾ ਨੂੰ ਉਹਨਾਂ ਦੇ ਡੈਮੋਕ੍ਰੇਟਿਕ ਸਾਥੀਆਂ ਨੇ ਸੁਝਾਅ ਦਿੱਤਾ ਹੈ ਕਿ ਉਹ ਫਿਲਹਾਲ ਇੰਮੀਗ੍ਰੇਸ਼ਨ ਮਾਮਲੇ ਬਾਰੇ ਕੋਈ ਕਾਰਵਾਈ ਨਾ ਕਰਨ ਕਿਉਂਕਿ ਜੇ ਉਹਨਾਂ ਇਸ ਪਾਸੇ ਕੋਈ ਫੈਸਲਾ ਲਿਆ ਤਾਂ ਸੈਨੇਟ ਵਿਚ ਉਹਨਾਂ ਨੂੰ ਵਿਸ਼ਾਲ ਖਰਚਾ ਬਿਲ ਪਾਸ ਕਰਵਾਉਣ 'ਚ ਔਕੜਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਤੇ ਇਸ ਸੈਸ਼ਨ ਵਿਚ ਬਾਕੀ ਰਹਿੰਦੇ ਮਸਲੇ ਵੀ ਨਿਬੇੜ ਲਏ ਜਾਣ, ਤਦ ਹੀ ਉਹ ਕੋਈ ਕਾਰਵਾਈ ਕਰਨ।



ਸ੍ਰੀ ਬਰਾਕ ਓਬਾਮਾ ਤੁਰੰਤ ਇੰਮੀਗ੍ਰੇਸ਼ਨ ਸੁਧਾਰਾਂ ਬਾਰੇ ਕੋਈ ਐਲਾਨ ਲੱਖਾਂ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਹੱਕ ਵਿਚ ਨਹੀਂ ਲੈਂਦੇ ਤਾਂ ਉਹਨਾਂ ਨੂੰ ਕਮਜ਼ੋਰ ਮੰਨਣ ਦਾ ਪ੍ਰਚਾਰ ਵੀ ਕੀਤਾ ਜਾ ਸਕਦਾ ਹੈ। ਸ੍ਰੀ ਓਬਾਮਾ ਨੇ ਅਜਿਹਾ ਐਲਾਨ ਤਾਂ 3 ਨਵੰਬਰ ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਹੀ ਕਰਨਾ ਸੀ ਪਰ ਉਦੋਂ ਵੀ ਉਹਨਾਂ ਦੇ ਡੈਮੋਕ੍ਰੇਟਿਕ ਸਾਥੀਆਂ ਨੇ ਉਹਨਾਂ ਨੂੰ ਕੇਵਲ ਇਹ ਕਹਿ ਕੇ ਰੋਕ ਦਿੱਤਾ ਸੀ ਕਿ ਚੋਣਾਂ ਵਿਚ ਉਹਨਾਂ ਨੂੰ ਨੁਕਸਾਨ ਹੋਵੇਗਾ।

ਨਾਲ ਹੀ ਵਿਰੋਧੀ ਧਿਰ ਨੂੰ ਵੀ ਇਹ ਕਹਿਣ ਦਾ ਮੌਕਾਮਿਲੇਗਾ ਕਿ ਰਾਸ਼ਟਰਪਤੀ ਤਾਂ ਸੰਸਦ ਨੂੰ ਵੀ ਅੱਖੋਂ ਪਰੋਖੇ ਕਰ ਰਹੇ ਹਨ।

ਅਮਰੀਕਾ ਵਿਚ ਗੈਰ ਕਾਨੂੰਨੀ ਤੌਰ ਤੇ ਰਹਿ ਰਹੇ ਪ੍ਰਵਾਸੀਆਂ ਦੀ ਕੁੱਲ ਆਬਾਦੀ ਵਿਚੋਂ ਚਾਰ ਫੀਸਦੀ ਭਾਰਤੀ ਹਨ। ਇਹਨਾਂ ਨਜਾਇਜ਼ ਪ੍ਰਵਾਸੀਆਂ ਦੀ ਗਿਣਤੀ ਵਿਚ 2009 ਤੋਂ ਬਾਅਦ ਕੋਈ ਤਬਦੀਲੀ ਨਹੀ ਆਈ ਹੈ। ਪਯੂ ਰਿਸਰਚ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਮੁਤਾਬਕ ਅਮਰੀਕਾ ਵਿਚ ਸਾਢੇ ਚਾਰ ਲੱਖ ਤੋਂ ਜ਼ਿਆਦਾ ਭਾਰਤੀ ਗੈਰ ਕਾਨੂੰਨੀ ਤਰੀਕੇ ਨਾਲ ਰਹਿ ਰਹੇ ਹਨ, ਜੋ ਇੱਥੇ ਨਜਾਇਜ਼ ਢੰਗ ਨਾਲ ਰਹਿ ਰਹੇ ਲੋਕਾਂ ਦਾ ਚਾਰ ਫੀਸਦੀ ਹਨ। ਰਿਪੋਰਟ ਵਿਚ ਅੰਦਾਜ਼ਨ ਨਜਾਇਜ਼ ਪ੍ਰਵਾਸੀ ਭਾਰਤੀਆਂ ਦੀ ਗਿਣਤੀ 2012 ਦੇ ਅੰਕੜਿਆਂ 'ਤੇ ਆਧਾਰਿਤ ਹੈ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਮੈਕਸੀਕੋ ਵੱਲੋਂ ਹੋਣ ਵਾਲੇ ਗੈਰ ਕਾਨੂੰਨੀ ਦਾਖਲੇ ਵਿਚ 2009 ਤੋਂ 2012 ਵਿਚਾਲੇ ਗਿਰਾਵਟ ਦਰਜ ਕੀਤੀ ਗਈ ਹੈ। 2012 ਦੇ ਅੰਕੜਿਆਂ ਦੇ ਆਧਾਰ ਤੇ ਅਮੀਕਾ ਵਿਚ ਕੁੱਲ ਇਕ ਕਰੋੜ 12 ਲੱਖ ਲੋਕ ਨਜਾਇਜ਼ ਤਰੀਕੇ ਨਾਲ ਰਹਿ ਰਹੇ ਹਨ। ਇਸ ਗਿਣਤੀ ਵਿਚ 2009 ਤੋਂ ਬਾਅਦ ਕੋਈ ਤਬਦੀਲੀ ਨਜ਼ਰ ਨਹੀਂ ਆਈ ਹੈ।

## ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ



ਯੂਬਾ ਸਿਟੀ– ਬੀਤੇ ਐਤਵਾਰ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਯੂਬਾ ਸਿਟੀ (ਕੈਲੀਫੋਰਨੀਆ) ਵਿਖੇ ਬੜੀ ਹੀ ਸ਼ਰਧਾ ਅਤੇ ਸਤਿਕਾਰ ਸਹਿਤ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਕੈਲੀਫੋਰਨੀਆ) ਵੱਲੋਂ ਮਨਾਇਆ ਗਿਆ, ਜਿਸ ਵਿਚ ਪੂਰੇ ਕੈਲੀਫੋਰਨੀਆ ਵਿਚੋਂ ਸੈਂਕੜੇ ਸੰਗਤਾਂ ਨੇ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਪਹੁੰਚ ਕੇ ਭਗਵਾਨ ਵਾਲਮੀਕ ਜੀ ਦੇ ਚਰਨਾਂ ਵਿਚ ਨਤ-ਮਸਤਕ ਹੋਈਆਂ। ਸਭ ਤੋਂ ਪਹਿਲਾਂ ਭਗਵਾਨ ਵਾਲਮੀਕ ਜੀ ਵੱਲੋਂ ਰਚਿਤ ਗ੍ਰੰਥ ਯੋਗ ਵਸ਼ਿਸ਼ਟ ਦੇ ਭੋਗ ਪਾਏ ਗਏ, ਉਪਰੰਤ ਭਗਵਾਨ ਵਾਲਮੀਕ ਜੀ ਦੀ ਆਰਤੀ, ਅਰਦਾਸ ਅਤੇ ਰੁਮਾਲਾ ਸਾਹਿਬ ਦੇ ਸ਼ਬਦ ਗਾਏ। ਗੁਰੂ ਸਾਹਿਬ ਜੀ ਦੇ ਪ੍ਰਗਟ ਦਿਵਸ ਤੇ ਸ੍ਰੀ ਗੁਰੂ ਰਵਿਦਾਸ ਸਭਾ, ਯੂਬਾ ਸਿਟੀ, ਸ੍ਰੀ ਗੁਰੂ ਰਵਿਦਾਸ ਸਭਾ ਰਿਓਲਿੰਡਾ, ਸੈਕਰਾਮੈਂਟੋ, ਪਿਟਸਬਰਗ ਵਲੇਹੋ, ਟਰੇਸੀ ਦੀਆਂ ਸੰਗਤਾਂ ਨੇ ਵੀ ਹਾਜ਼ਰੀਆਂ ਭਰੀਆਂ। ਵੱਖ-ਵੱਖ ਕਲਾਕਾਰਾਂ, ਭੁਪਿੰਦਰ ਭਿੰਦਾ, ਅਮਰਜੀਤ ਲਾਲੀ, ਬਲਬੀਰ (ਸੋਨੀ) ਧਾਰੀਵਾਲ, ਗੁਰਦੀਪ ਸਿੰਘ ਹੀਰਾ, ਦੇਸ ਰਾਜ ਸ਼ੁਭ, ਰਾਜ ਕੁਮਾਰ, ਰਾਜਿੰਦਰ ਸਿੰਘ ਸਹੋਤਾ ਆਦਿ ਨੇ ਆਪਣੀ ਸੁਰੀਲੀ ਆਵਾਜ਼ ਵਿਚ ਭਗਵਾਨ ਵਾਲਮੀਕ ਦੇ ਸ਼ਬਦਾਂ ਦਾ ਭਰਪੂਰ ਗੁਣਗਾਨ ਕੀਤਾ। ਸ੍ਰੀ ਰਾਜ ਕੁਮਾਰ ਜੀ ਵੱਲੋਂ ਯੋਗ ਵਸ਼ਿਸ਼ਟ ਜੀ ਦੇ ਪਾਠ ਪੜ੍ਹੇ ਗਏ। ਕੈਲੀਫੋਰਨੀਆ ਦੀਆਂ ਪ੍ਰਮੁੱਖ ਸਿਆਸੀ, ਸਮਾਜਿਕ ਅਤੇ ਧਾਰਮਿਕ ਸ਼ਖਸੀਅਤਾਂ ਨੇ ਵੀ ਸਤਿਗੁਰੂ ਦੇ ਚਰਨਾਂ ਵਿਚ ਹਾਜ਼ਰੀਆਂ ਭਰੀਆਂ। ਅੱਜ ਦੇ ਇਸ ਪ੍ਰੋਗਰਾਮ ਦਾ ਉਦਘਾਟਨ ਸ੍ਰੀ ਕੈਸ਼ ਗਿੱਲ ਮੇਅਰ ਯੂਬਾ ਸਿਟੀ ਵੱਲੋਂ ਕੀਤਾ ਗਿਆ। ਪ੍ਰਮੁੱਖ ਸ਼ਖਸੀਅਤਾਂ ਸ. ਦੀਦਾਰ ਸਿੰਘ ਬੈਂਸ, ਸ. ਗੁਰਨਾਮ ਸਿੰਘ ਪੰਮਾ, ਸ: ਸਰਵਣ ਸਿੰਘ ਢਿੱਲੋਂ, ਗੁਰਜੀਤ ਸਿੰਘ, ਸੋਹਣ ਲਾਲ ਸਹੋਤਾ, ਸ੍ਰੀ ਕੇਵਲ ਬੋਲੀਨਾ, ਰਾਮ ਸੇਵਕ ਭਾਟੀਆ, ਕੇਵਲ ਸਿੱਧੂ ਨੇ ਭਗਵਾਨ



(ਬਾਕੀ ਸਫਾ 3 ਤੇ ਅਤੇ ਤਸਵੀਰਾਂ ਸਫਾ 10 ਤੇ ਦੇਖੋ)


## ''ਅੰਬੇਦਕਰ ਟਾਈਮਜ਼'' ਤੇ ''ਦੇਸ਼ ਦੁਆਬਾ'' ਅਖ਼ਬਾਰ ਦੇ ਮੁੱਖ ਸੰਪਾਦਕ ਦੀ ਪੰਜਾਬ ਫੇਰੀ

ਮੁਕੰਦਪੁਰ (ਰੇਸ਼ਮ ਕਰਨਾਣਵੀ)– ''ਦੇਸ਼ ਦੁਆਬਾ'' ਅਤੇ ''ਅੰਬੇਦਕਰ ਟਾਈਮਜ਼'' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਲੰਬੇ ਅਰਸੇ ਬਾਅਦ ਪੰਜਾਬ ਪਰਤੇ। ਪੰਜਾਬ ਭਰ ਵਿਚ ਉਨ੍ਹਾਂ ਨੇ ਬਹੁਤ ਸਾਰੇ ਸਮਾਗਮਾਂ ਵਿਚ ਸ਼ਿਰਕਤ ਕੀਤੀ। ਜਿਸ ਦੌਰਾਨ ਉਨ੍ਹਾਂ ਵੱਖ ਵੱਖ ਸੰਸਥਾਵਾਂ, ਸਭਾਵਾਂ, ਲੇਖਕਾਂ, ਪੱਤਰਕਾਰਾਂ ਅਤੇ ਦੋਸਤਾਂ ਨਾਲ਼ ਰਸਮੀ ਅਤੇ ਗੈਰ ਰਸਮੀ ਮਿਲਣੀਆਂ ਕੀਤੀਆਂ। ਉਹਨਾਂ ਵਲੋਂ ਅਖ਼ਬਾਰ ''ਅੰਬੇਦਕਰ ਟਾਈਮਜ਼'' ਤੇ ''ਦੇਸ਼ ਦੁਆਬਾ'' ਨੂੰ ਹੋਰ ਬੁਲੰਦੀਆਂ ਵੱਲ ਲਿਜਾਣ ਸਬੰਧੀ ਵਿਚਾਰਾਂ ਸਾਝੀਆਂ ਕੀਤੀਆਂ। ਇਸ ਸਬੰਧੀ ਅਗਲੇ ਅੰਕਾਂ ਵਿਚ ਵਿਸਥਾਰ ਸਹਿਤ ਛਾਪਿਆ ਜਾਵੇਗਾ।

## ਅਕਾਲੀ-ਭਾਜਪਾ ਤਾਲਮੇਲ ਤੇ ਗ੍ਰਹਿਣ ਲੱਗਣ ਦੇ ਆਸਾਰ

**ਜਲੰਧਰ (ਬਿਊਰੋ)–** ਅਗਲੇ ਮਹੀਨੇ ਪੰਜਾਬ ਵਿਚ ਹੋਣ ਵਾਲੀਆਂ ਨਗਰ ਨਿਗਮ ਚੋਣਾਂ ਨੂੰ ਲੈ ਕੇ ਅਕਾਲੀ ਦਲ ਅਤੇ ਭਾਜਪਾ ਦੇ ਰਿਸ਼ਤਿਆਂ ਵਿਚ ਖਟਾਸ ਉਸ ਸਮੇਂ ਆਰੰਭ ਹੋ ਗਈ ਸੀ, ਜਦੋਂ ਭਾਜਪਾ ਨੇ ਅਕਾਲੀ ਦਲ ਤੋਂ ਅੱਧੀਆਂ ਸੀਟਾਂ ਮੰਗ ਲਈਆਂ। ਪ੍ਰਦੇਸ਼ ਦੇ ਦਸ ਨਗਰ ਨਿਗਮਾਂ ਵਿਚੋਂ ਪੰਜ ਦੀ ਭਾਜਪਾਈ ਮੰਗ ਅਕਾਲੀ ਦਲ ਸਵੀਕਾਰ ਕਰਦਾ ਹੈ ਜਾਂ ਨਹੀਂ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਭਾਜਪਾ ਨੇ ਆਪਣੇ ਦਮ ਤੇ ਹਰਿਆਣਾ ਅਤੇ ਮਹਾਰਾਸ਼ਟਰ ਵਿਚ ਜਿੱਤ ਦਰਜ ਕਰਵਾਉਂਦੇ ਹੀ ਪੰਜਬ ਵਿਚ ਤੇਵਰ ਦਿਖਾਉਣੇ ਆਰੰਭ ਕਰ ਦਿੱਤੇ ਹਨ। ਪੰਜਾਬ ਭਾਜਪਾ ਦੇ ਸਾਬਕਾ ਮੁਖੀ ਦਲਿਤ ਨੇਤਾ ਅਤੇ ਮੌਜੂਦਾ ਕੇਂਦਰੀ ਮੰਤਰੀ ਪ੍ਰੋਂ ਰਾਮ ਸ਼ੰਕਰ ਕਠੇਰੀਆ ਦਾ ਇਹ ਕਹਿਣਾ ਹੈ ਕਿ ਪੰਜਾਬ ਵਿਚ ਲੋਕਤੰਤਰ ਦੀ ਹੱਤਿਆ ਹੋ ਰਹੀ ਹੈ, ਇਸ ਕਰਕੇ ਭਾਜਪਾ ਸਾਫ ਸੁਥਰਾ ਵਾਤਾਵਰਣ ਅਤੇ ਪ੍ਰਸ਼ਾਸਨ ਦੇਵੇਗੀ, ਸੰਕੇਤ ਦਿੰਦੇ ਹਨ ਕਿ ਅਕਾਲੀ ਦਲ-ਭਾਜਪਾ ਗੱਠਜੋੜ ਦੀ ਗੱਠ ਢਿੱਲੀ ਹੋ ਰਹੀ ਹੈ। ਭਾਜਪਾ ਪੰਜਾਬ ਦੇ ਬਦਲਦੇ ਤੇਵਰਾਂ ਤੋਂ ਲੱਗਦਾ ਹੈ ਕਿ ਹੁਣ ਉਹ ਅਕਾਲੀ ਦਲ ਦੇ ਦਬਾਅ ਵਿਚ ਨਹੀਂ ਰਹੇਗੀ, ਜਿਸਦੇ ਲਈ ਭਾਜਪਾ ਨੇ ਬਰਾਬਰ ਦੀ ਹਿੱਸੇਦਾਰੀ ਦਾ ਰਾਗ ਅਲਾਪਣਾ ਆਰੰਭ ਕਰ ਦਿੱਤਾ ਹੈ। ਭਾਜਪਾ ਦਾ ਜੰਗੀ ਪੱਧਰ ਤੇ ਪੰਜਾਬ ਵਿਚ ਮੈਂਬਰਸ਼ਿਪ ਮੁਹਿੰਮ ਦਾ ਰੁਝਾਨ ਦਿਹਾਤੀ ਖੇਤਰਾਂ ਵੱਲ ਵਧਧਾ ਦੇਖ ਕੇ ਅਕਾਲੀ ਦਲ ਦਾ ਪ੍ਰਭਾਵਿਤ ਹੋਣਾ ਯਕੀਨੀ ਮੰਨਿਆ ਜਾ ਰਿਹਾ ਹੈ। ਭਾਜਪਾ ਤੋਂ ਪਹਿਲਾਂ ਅਕਾਲੀ ਦਲ ਦਾ ਬਸਪਾ ਨਾਲ ਤਾਲਮੇਲ ਸੀ ਅਤੇ ਜੇਕਰ ਭਾਜਪਾਈ ਤੇਵਰਾਂ ਵਿਚ ਬਦਲਾਅ ਨਾ ਆਇਆ ਤਾਂ ਅਕਾਲੀ ਦਲ ਬਸਪਾ ਨਾਲ ਹੱਥ ਮਿਲਾ ਸਕਦਾ ਹੈ, ਕਿਉਂਕਿ ਬਸਪਾ ਦੇ ਦਲਿਤ ਵੋਟ ਬੈਂਕ ਤੇ ਅਕਾਲੀ ਦਲ ਦੀ ਤਿੱਖੀ ਨਜ਼ਰ ਹੈ। ਭਾਜਪਾ ਦਾ ਸ਼ਹਿਰੀ ਵੋਟਰ ਅਤੇ ਵਪਾਰੀ ਵਰਗ ਤੇ ਮਜ਼ਬੂਤ ਪਕੜ ਨੂੰ ਦੇਖਦੇ ਹੋਏ ਅਕਾਲੀ ਦਲ ਨੇ ਸ਼ਹਿਰੀ ਅਤੇ ਵਪਾਰੀ ਵੋਟਰਾਂ ਵਿਚ ਸੰਨ੍ਹਮਾਰੀ ਆਰੰਭ ਕੀਤੀ ਹੈ। ਇਸਦਾ ਸਬੂਤ ਉਦਯੋਗਪਤੀ ਰਾਜਿੰਦਰ ਗੁਪਤਾ ਨੂੰ ਅਕਾਲੀ ਦਲ ਦਾ ਜਨਰਲ ਸਕੱਤਰ ਬਣਾਉਣਾ ਹੈ। ਰਾਜਨੀਤੀ ਕਿਸ ਪਾਸੇ ਅਤੇ ਕੀ ਰੂਪ ਅਖਤਿਆਰ ਕਰਦੀ ਹੈ, ਕੁਝ ਨਹੀਂ ਕਿਹਾ ਜਾ ਸਕਦਾ।



ਇਸ ਕਰਕੇ ਅਕਾਲੀ ਦਲ ਅਤੇ ਭਾਜਪਾ ਨੇ ਆਪਣੇ ਬਲਬੂਤੇ ਤੇ ਚੋਣ ਮਹਾਸਾਗਰ ਵਿਚ ਉਤਰਨ ਦੀ ਕੋਸ਼ਿਸ਼ ਆਰੰਭ ਕਰ ਦਿੱਤੀ ਹੈ। ਭਾਜਪਾ ਨੂੰ ਉਮੀਦ ਹੈ ਕਿ ਡੇਰਾ ਸੱਚਾ ਸੌਦਾ ਦਾ ਸਮਰਥਨ ਉਹਨਾਂ ਨੂੰ ਫਾਇਦਾ ਦੇ ਸਕਦਾ ਹੈ। ਭਾਜਪਾ ਦੇ ਅਹਿਮ ਲੀਡਰ ਐਲ ਕੇ ਅਡਵਾਨੀ ਅਤੇ ਸੰਘ ਮੁਖੀ ਮੋਹਨ ਭਾਗਵਤ ਦੀ ਰਾਧਾ ਸਵਾਮੀ ਫਿਰਕੇ ਦੇ ਮੁਖੀ ਨਾਲ ਮੁਲਾਕਾਤ ਨੇ ਰਾਜਨੀਤਿਕ ਸਮੀਕਰਨਾਂ ਵਿਚ ਉਥਲ-ਪੁਥਲ ਮਚਾ ਦਿੱਤੀ ਹੈ। ਸੰਘ ਮੁਖੀ ਦੀ ਸੰਤ ਬਲਜੀਤ ਸਿੰਘ ਦਾਦੂਵਾਲ ਨਾਲ ਮੁਲਾਕਾਤ ਵੀ ਕਾਫੀ ਮਾਇਨੇ ਰੱਖਦੀ ਹੈ, ਕਿਉਂਕਿ ਦਾਦੂਵਾਲ ਦਾ ਬਾਦਲ ਨਾਲ ਛੱਤੀ ਦਾ ਅੰਕੜਾ ਹੈ, ਜਿਸਨੂੰ ਭਾਜਪਾ ਕੈਸ਼ ਕਰਵਾਉਣਾ ਚਾਹੁੰਦੀ ਹੈ। ਭਾਜਪਾ ਨੇ ਦੋ ਸਾਲ ਬਾਅਦ ਪੰਜਾਬ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਲਈ ਸ਼ਤਰੰਜ ਵਿਛਾ ਦਿੱਤਾ ਹੈ ਅਤੇ ਮੋਦੀ ਲਹਿਰ ਦੇ ਸਹਾਰੇ ਭਾਜਪਾ ਉਡਾਣ ਭਰ ਰਹੀ ਹੈ। ਭਾਜਪਾ ਨੇ ਆਪਣੇ ਸਹਿਯੋਗੀ ਸਰਵ ਭਾਰਤੀ ਵਿਦਿਆਰਥੀ ਪ੍ਰੀਸ਼ਦ ਪੰਜਾਬ ਦੇ ਨਾਲ ਨਸ਼ਿਆ ਦੀ ਲਪੇਟ ਵਿਚ ਆਏ ਨੌਜਵਾਨ ਵਰਗ ਨੂੰ ਤਬਾਹੀ ਤੋਂ ਬਚਾਉਣ ਦੇ ਲਈ ਬਗਾਵਤੀ ਝੰਡਾ ਬੁਲੰਦ ਕਰਕੇ ਸਰਕਾਰ ਦੇ ਵਿਰੁੱਧ ਪੈਦਾ ਹੋ ਰਹੇ ਆਮ ਆਦਮੀ ਦੇ ਰੋਸ ਦੇ ਤੂਫਾਨ ਵਿਚ ਆਪਣੀ ਕਿਸ਼ਤੀ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਆਰੰਭ ਕਰ ਦਿੱਤੀ ਹੈ, ਪਰ ਇਹ ਪਰਦੇ ਦੇ ਪਿੱਛੇ ਹੋ ਰਿਹਾ ਹੈ।


PRE
Prime Real Estate Services
Kulwinder Singh Realtor
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465
Email: Kelvindjhamat@yahoo.com
679 N. Palora Ave. #C Yuba City, CA 95991

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

## ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥ ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ


ਗੁਰੂ ਨਾਨਕ ਦੇਵ ਜੀ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਨਵੰਬਰ 23, 2014 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ 21 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 11.00 ਵਜੇ
ਸ਼ੁੱਕਰਵਾਰ ਅਤੇ ਸ਼ਨਿਚਰਵਾਰ ਸ਼ਾਮ ਨੂੰ ਕੀਰਤਨ ਦਰਬਾਰ ਸਜਾਏ ਜਾਣਗੇ ਤੇ ਆਰਤੀ ਕੀਤੀ ਜਾਵੇਗੀ
ਭੋਗ ਸ੍ਰੀ ਅਖੰਡ ਪਾਠ ਸਾਹਿਬ 23 ਨਵੰਬਰ ਐਤਵਾਰ, ਸਵੇਰੇ 10 ਵਜੇ


ਸ੍ਰੀ ਗੁਰੂ ਰਵਿਦਾਸ ਜੀ

ਇਸ ਉਪਰੰਤ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਪ੍ਰਿਤਪਾਲ ਸਿੰਘ ਜੀ ਤੇ ਕਥਾਵਾਚਕ ਭਾਈ ਗੁਰਦੇਵ ਸਿੰਘ ਯੂਬਾ ਸਿਟੀ ਵਾਲੇ ਤੋਂ ਇਲਾਵਾ ਕਵੀਜਨ ਧਾਰਮਿਕ ਗੀਤ, ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਗੁਰੂ ਘਰ ਦਾ ਫੋਨ ਨੰਬਰ

**ਭਾਈ ਪ੍ਰਿਤਪਾਲ ਸਿੰਘ (ਹੈਡ ਗ੍ਰੰਥੀ)** 530-674-2564

**ਸ਼ਿੰਗਾਰਾ ਸਿੰਘ ਵੱਲ੍ਹ (ਪ੍ਰਧਾਨ)** 530-713-1823

**ਸਮੂਹ ਪ੍ਰਬੰਧਕ ਕਮੇਟੀ**
**ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ**

**ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ**

## ਹਸਤ ਖੇਲਤ ਤੇਰੇ ਦੇਹੁਰੇ ਆਇਆ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ


ਸਤਿਗੁਰੂ ਨਾਮਦੇਵ ਜੀ ਦਾ

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਨਵੰਬਰ 30, 2014 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ 28 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 11.00 ਵਜੇ
ਸ਼ੁੱਕਰਵਾਰ ਅਤੇ ਸ਼ਨਿਚਰਵਾਰ ਸ਼ਾਮ ਨੂੰ ਕੀਰਤਨ ਦਰਬਾਰ ਸਜਾਏ ਜਾਣਗੇ ਤੇ ਆਰਤੀ ਕੀਤੀ ਜਾਵੇਗੀ
ਭੋਗ ਸ੍ਰੀ ਅਖੰਡ ਪਾਠ ਸਾਹਿਬ 30 ਨਵੰਬਰ ਐਤਵਾਰ, ਸਵੇਰੇ 10 ਵਜੇ


ਸ੍ਰੀ ਗੁਰੂ ਰਵਿਦਾਸ ਜੀ

**ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ**

ਗੁਰੂ ਘਰ ਦਾ ਫੋਨ ਨੰਬਰ

**ਭਾਈ ਪ੍ਰਿਤਪਾਲ ਸਿੰਘ (ਹੈਡ ਗ੍ਰੰਥੀ)** 530-674-2564

**ਸ਼ਿੰਗਾਰਾ ਸਿੰਘ ਵੱਲ੍ਹ (ਪ੍ਰਧਾਨ)** 530-713-1823

**ਸਮੂਹ ਪ੍ਰਬੰਧਕ ਕਮੇਟੀ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ**

**1480 Hayne Ave, Yuba City CA 95993**

# ਅੰਤਰ-ਰਾਸ਼ਟਰੀ ਸਿੱਖ ਸਾਹਿਤ ਸਭਾ ਵੱਲੋ ਕਰਵਾਏ ਨਵੰਬਰ 1984 ਨੂੰ ਸਮਰਪਿਤ ਪ੍ਰੋਗਰਾਮ ਨੂੰ ਸਿੱਖ ਸੰਗਤ ਵੱਲੋ ਭਰਵਾਂ ਹੁੰਗਾਰਾ

**ਐਲਸੋਬਰਾਂਟੇ (ਬਿਊਰੋ) –** 'ਅੰਤਰ-ਰਾਸ਼ਟਰੀ ਸਿੱਖ ਸਾਹਿਤ ਸਭਾ' ਵੱਲੋ ਗੁਰੂ-ਘਰ ਐਲਸੋਬਰਾਂਟੇ ਵਿੱਖੇ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਹੋਰ ਬਹੁਤ ਸਾਰੀਆਂ ਸਹਿਯੋਗੀ ਜੱਥੇਬੰਦੀਆਂ ਦੀ ਮੱਦਦ ਨਾਲ ਦਰਦ-ਏ-ਕੌਮ ਨਵੰਬਰ 1984 ਨੂੰ ਸਮਰਪਤ ਅਮਰੀਕਨ ਸਿੱਖ ਇਤਿਹਾਸ ਵਿੱਚ ਪਹਿਲ ਦੇ ਅਧਾਰ ਤੇ ਮਹਾਨ ਸ਼ਹੀਦੀ ਕੀਰਤਨ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਭਾਈ ਨਿਰਮਲ ਸਿੰਘ ਨਾਗਪੁਰੀ, ਸਾਬਕਾ ਹਜ਼ੂਰੀ ਰਾਗੀ ਜੱਥਾ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਅਤੇ ਸੀਨੀਅਰ ਮੈਂਬਰ ਅੰਤਰ-ਰਾਸ਼ਟਰੀ ਸਿੱਖ ਸਾਹਿਤ ਸਭਾ, ਦੀ ਅਗਵਾਈ ਵਿੱਚ ਕੀਰਤਨੀ ਜੱਥਿਆਂ ਨੇ ਆਪੋ ਆਪਣੀ ਸੇਵਾ ਨਿਭਾਈ। ਭਾਈ ਨਿਰਮਲ ਸਿੰਘ ਨਾਗਪੁਰੀ ਦੇ ਜੱਥੇ ਵਿੱਚ ਭਾਈ ਸੁਖਜੀਵਨ ਸਿੰਘ ਅਤੇ ਭਾਈ ਸਰਬਜੀਤ ਸਿੰਘ, ਬੀਬੀ ਨਵਨੀਤ ਕੌਰ ਦੇ ਜੱਥੇ ਵਿੱਚ ਭਾਈ ਗੁਰਇੱਕਬਾਲ ਸਿੰਘ, ਭਾਈ ਜਸਵਿੰਦਰ ਸਿੰਘ ਦੇ ਜੱਥੇ ਵਿੱਚ ਭਾਈ ਅਮਰਜੀਤ ਸਿੰਘ, ਭਾਈ ਬਲਵਿੰਦਰ ਸਿੰਘ ਦੇ ਜੱਥੇ ਵਿੱਚ ਭਾਈ ਗੁਰਦਿਆਲ ਸਿੰਘ ਅਤੇ ਭਾਈ ਸੁਲੱਖਣ ਸਿੰਘ ਸ਼ਾਮਿਲ ਸਨ ਜਿਨ੍ਹਾਂ ਨੇ ਨਵੰਬਰ1984 ਦੇ ਸਿੱਖ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਰਾਗਮਈ ਆਤਮਰਸ ਰਸਭਿੰਨਾ ਕੀਰਤਨ ਕੀਤਾ।

ਸਭਾ ਰਾਹੀਂ ਪੰਥਕ ਸਖਸ਼ਿਅਤਾਂ ਵੱਲੋਰਾਗੀ ਜੱਥਿਆਂ ਦੇ ਮੈਂਬਰਾਂ ਨੂੰ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ। ਸਭਾ ਦੇ ਸੰਸਥਾਪਕ ਅਤੇ ਦਲ ਖਾਲਸਾ ਅਲਾਇੰਸ ਦੇ ਪ੍ਰਧਾਨ ਸ੍ਰ. ਪਰਮਜੀਤ ਸਿੰਘ ਦਾਖਾ ਨੇ ਸਟੇਜ ਦੀ ਕਾਰਵਾਈ ਨੂੰ ਅੱਗੇ ਤੋਰਦਿਆਂ ਸਭਾ ਦੇ ਪ੍ਰਧਾਨ ਸ੍ਰ. ਕੁਲਦੀਪ ਸਿੰਘ ਢੀਂਡਸਾ ਨੂੰ ਅੰਤਰ-ਰਾਸ਼ਟਰੀ ਸਿੱਖ ਸਾਹਿਤ ਸਭਾ ਵੱਲੋ ਡਾ. ਅਵਤਾਰ ਸਿੰਘ ਸੇਖੋਂ ਵੱਲੋ ਸੰਪਾਦਿਤ ਕੀਤੀ ਅੰਗਰੇਜ਼ੀ ਦੀ ਪੁਸਤਕ ' ਮਰਡਰ ਆਫ਼ ਪਲੂਰਲਿਜ਼ਮ' ਜ਼ਾਰੀ ਕਰਵਾਉਣ ਅਤੇ ਆਪਣੇ ਵਿਚਾਰਾਂ ਦੀ ਸਾਂਝ ਪਾਉਣ ਦਾ ਸੱਦਾ ਦਿੱਤਾ ਗਿਆ।

'ਮਰਡਰ ਆਫ਼ ਪਲੂਰਲਿਜ਼ਮ' ਨਾਂ ਦੀ ਇਹ ਪੁਸਤਕ 19 ਸਤੰਬਰ, 2013 ਨੂੰ ਜਨੇਵਾ, ਸਵਿਟਜ਼ਰਲੈਂਡ ਵਿੱਖੇ ਯੁਨਾਇਟਡ ਨੇਸ਼ਨਜ਼ ਹਿਊਮਨ ਰਾਈਟਸ ਕਾਊਂਸਲ (ਯੂ ਐਨ ਐਚ ਆਰ ਸੀ) ਦੇ 24ਵੇ ਸ਼ੈਸਨ ਦੁਰਾਨ ਪੜ੍ਹੇ ਗਏ ਪਰਚਿਆਂ ਦਾ ਇਖਤਸਾਰ ਹੈ। ਇਹ ਪਰਚੇ ਬੀ.ਬੀ.ਸੀ ਦੇ ਸਾਬਕਾ ਪਰਸਾਰਨ ਕਰਤਾ 'ਐਲਨ ਹਾਰਟ', ਸੇਵਾ ਮੁਕਤ ਬਰਗੇਡੀਅਰ 'ਉਸਮਾਨ ਖਾਲਿਦ'-ਸਾਬਕਾ ਚੇਅਰਮੈਨ 'ਲੰਡਨ ਇੰਸਟੀਚੂਟ ਆਫ ਸਾਉਥ ਏਸ਼ੀਆ ਯੂ.ਕੇ', 'ਸ੍ਰ. ਗੁਰਤੇਜ ਸਿੰਘ' (ਆਈ ਏ ਐਸ) – ਪ੍ਰੋਫ਼ੈਸਰ ਆਫ ਸਿੱਖਇਜ਼ਮ, ਚੰਡੀਗੜ, ਭਾਰਤ, 'ਡਾ. ਅਬਦੁੱਲ ਮੁਮੀਨ ਚੌਧਰੀ'-ਪ੍ਰਿੰਸੀਪਲ 'ਲੰਡਨ ਇੰਨਸਟੀਚੂਟ ਆਫ ਸਾਉਥ ਏਸ਼ੀਆ ਯੂ.ਕੇ', 'ਡਾ. ਅਵਤਾਰ ਸਿੰਘ ਸੇਖੋਂ'- ਸੈਕਟਰੀ ਜਨਰਲ 'ਦਾ ਸਿੱਖ ਐਜੁਕੇਸ਼ਨਲ ਟਰੱਸਟ, ਐਡਮੋਂਟਨ, ਏ. ਬੀ', ਅਤੇ 'ਸ੍ਰ. ਕਵਨੀਤ ਸਿੰਘ'- ਫ਼ਾਉਂਡਰ 'ਸਿੱਖ ਐਜੁਕੇਸ਼ਨ ਟਰੱਸਟ' ਨਿਊ ਜਰਸੀ ਯੂ. ਐਸ. ਏ. ਵੱਲੋ ਪੇਸ਼ ਕੀਤੇ ਗਏ ਸਨ। ਇਸ ਪੁਸਤਕ ਦੀਆਂ ਕਾਪੀਆਂ ਸੰਗਤ ਵਿੱਚ ਮੁਫ਼ਤ ਵੰਡੀਆਂ ਗਈਆਂ ।



ਸਭਾ ਦੁਆਰਾ, ਵਰਲਡ ਸਿੱਖ ਕੌਂਸਲ ਵੱਲੋ ਦਰਦ-ਏ-ਕੌਮ ਨਵੰਬਰ 84 'ਚ ਹਿੰਦੋਸਤਾਨੀ ਧਾੜਵੀਆਂ ਹੱਥੋਂ ਹੋਈ ਸਿੱਖ ਨਸਲਕੁਸ਼ੀ ਦੇ ਸਮੂੰਹ ਸਿੱਖ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ ਤੌਰ ਤੇ ਤਿਆਰ ਕੀਤਾ ਗਿਆ।

"ਸ਼ਹੀਦੀ ਯਾਦਗਾਰੀ ਚਿੰਨ" ਵੀ ਜਾਰੀ ਕੀਤਾ ਗਿਆ।ਡਾ:ਪਰਮਜੀਤ ਸਿੰਘ ਅਜ਼ਰਾਵਤ ਵੱਲੋਂ 1914 ਤੋਂ 2014 ਤੱਕ 100 ਸਾਲਾਂ ਦੀਆਂ ਸਿੱਖ ਕੌਮ ਨਾਲ ਸਬੰਧਤ ਇਤਿਹਾਸਕ ਘਟਨਾਵਾਂ ਬਾਰੇ ਲਿਖਿਆ ਹੋਇਆ ਅੰਗਰੇਜ਼ੀ ਦਾ ਪੈਂਫ਼ਲਿਟ ਵੀ ਜਾਰੀ ਕੀਤਾ ਗਿਆ। ਜਿਨ੍ਹਾਂ ਪੰਥ ਦਰਦੀਆਂ ਦੇ ਗੁਰੂ-ਘਰ ਵਿੱਚ ਹਾਜ਼ਰਸੰਗਤ ਅਤੇ ਗਲੋਬਲ ਪੰਜਾਬ ਟੀ. ਵੀ ਦੇ ਸਰੋਤਿਆਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ ਉਨ੍ਹਾਂ ਵਿੱਚ ਸਭਾ ਦੇ ਪ੍ਰਧਾਨ ਸ੍ਰ. ਕੁਲਦੀਪ ਸਿੰਘ ਢੀਂਡਸਾ, ਪ੍ਰੋਗਰਾਮ ਦੇ ਮੁੱਖ ਬੁਲਾਰੇ ਡਾ:ਪਰਮਜੀਤ ਸਿੰਘ ਅਜਰਾਵਤ-ਫਾਊਂਡਰ ਅਤੇ ਪ੍ਰਧਾਨ ਐਂਟੀ ਡੈਫਾਮਿਸ਼ਨ ਸਿੱਖ ਕੌਂਸਲ ਫਾਰ ਫ਼ਰੀਡਮ ਆਫ ਖਾਲਿਸਤਾਨ, ਪ੍ਰੋਗਰਾਮ ਦੇ ਮੁੱਖ ਮਹਿਮਾਨਸ੍ਰ. ਗੁਲਬਰਗ ਸਿੰਘ ਬਾਸੀ – ਚੇਅਰਮੈਨ ਵਰਲਡ ਸਿੱਖ ਕੌਂਸਲ, ਡਾ. ਰਨਬੀਰ ਸਿੰਘ ਸੰਧੂ – ਸੰਸਥਾਪਕ ਵਰਲਡ ਸਿੱਖ ਕੌਂਸਲ, ਡਾ. ਆਲਾ ਸਿੰਘ- ਚੇਅਰਮੈਨ ਅੰਤਰ-ਰਾਸ਼ਟਰੀ ਸਿੱਖ ਸੱਭਿਆਚਾਰ ਸੁਸਾਇਟੀ, ਸ੍ਰ. ਬੂਟਾ ਸਿੰਘ ਬਾਸੀ- ਮੁੱਖ ਐਡੀਟਰ ਅਖ਼ਬਾਰ 'ਸਾਂਝੀ ਸੋਚ', ਸ੍ਰ. ਸੁਦੇਸ਼ ਸਿੰਘ ਅਟਵਾਲ –ਵਾਈਸ ਪ੍ਰਧਾਨ ਇੰਟਰਨੇਸ਼ਨਲ ਗ਼ਦਰਮੈਮੋਰੀਅਲ ਟਰੱਸਟ, ਸ੍ਰ. ਮੇਜਰ ਸਿੰਘ ਕੁਲਾਰ-ਕਾਲਮ- ਨਵੀਸ ਪੰਜਾਬ ਟਾਈਮਜ਼, ਸ੍ਰ. ਗੁਰਜੀਤ ਸਿੰਘ ਝਾਮਪੁਰ- ਸੀਨੀਅਰ ਮੈਂਬਰ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ), ਸ੍ਰ. ਪਰਮਜੀਤ ਸਿੰਘ ਦਾਖਾ- ਪ੍ਰਧਾਨ ਦਲ ਖਾਲਸਾ ਅਲਾਇੰਸ ਆਦਿ ਸਾਮਲ ਸਨ। ਬੁਲਾਰਿਆਂ ਦੇ ਵਿਚਾਰਾਂ ਤੋ ਪ੍ਰਭਾਵਿਤ ਹੋ ਕੇ ਸੰਗਤਾਂ ਨੇ ਜੋਸ਼ ਵਿੱਚ ਆ ਕੇ ਨਾਹਰੇ ਅਤੇ ਜੈ ਕਾਰੇ ਬੁਲਾਏ। ਸਟੇਜ ਦੇ ਪ੍ਰਗਰਾਮ ਨੂੰ ਸਫ਼ਲ ਬਣਾਉਣ ਲਈ ਸ੍ਰ. ਸੁਖਵਿੰਦਰ ਸਿੰਘ ਤਲਵੰਡੀ-ਜਨਰਲ ਸਕੱਤਰ ਇੰਟਰਨੇਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਅਤੇ ਸ੍ਰ. ਜਸਵੀਰ ਸਿੰਘ ਤੱਖਰ – ਫ਼ਾਉਂਡਰ ਬੇ-ਏਰੀਆ ਸਿੱਖ ਅਲਾ ਇੰਸ ਨੇ ਅਹਿਮ ਭੂਮਿਕਾ ਨਿਭਾਈ । ਸ੍ਰ. ਜਗਦੇਵ ਸਿੰਘ ਭੰਡਾਲ ਵੱਲੋ ਸਵੇਰੇ 11.00 ਵਜੇ ਤੋਂ 2 ਵਜ਼ੇ ਤੱਕ ਇਸ ਪ੍ਰਗੋਰਾਮ ਨੂੰ ਗਲੋਬਲ ਪੰਜਾਬ ਟੀ. ਵੀ. (ਡਿਸ਼ ਨੈਟਵਰਕ ਚੈਨਲ-739) ਤੇ ਲਾਈਵ ਦਿਖਾਇਆ ਗਿਆ। ਮੂਵੀ ਅਤੇ ਫ਼ੋਟੋਗਰਾਫ਼ੀ ਦੀ ਸੇਵਾ ਇੰਦਰ ਵੀਡੀਓ ਅਤੇ ਸ੍ਰ. ਮਹਿੰਦਰ ਸਿੰਘ ਕੰਡਾ ਵੱਲੋ ਕੀਤੀ ਗਈ। ਮਾਈਆਂ ਅਤੇ ਭਾਈਆਂ ਨਾਲ ਦੀਵਾਨ ਹਾਲ ਪੂਰੀ ਤਰ੍ਹਾਂ ਭਰ ਜਾਣ ਤੋਂ ਬਾਅਦ ਸੰਗਤਾਂ ਨੇ ਗੈਲਰੀ ਹਾਲ ਵਿੱਚ ਬੈਠ ਕੇ ਪ੍ਰੋਗਰਾਮ ਦਾ ਆਨੰਦ ਮਾਣਿਆ। ਪਾਰਕਿੰਗ ਲਾਟ ਫੁੱਲ ਹੋ ਜਾਣ ਕਾਰਨ ਸੰਗਤਾਂ ਨੂੰ ਜਾਂ ਤਾਂ ਕਾਰਾਂ ਪਾਰਕ ਕਰਨ ਲਈ ਕਾਫ਼ੀ ਦੇਰ ਇੰਤਜ਼ਾਰ ਕਰਨਾ ਪੈ ਰਿਹਾ ਸੀ ਜਾਂ ਗੁਰੂ ਘਰ ਤੋਂ ਬਾਹਰ ਸੜਕਾਂ ਤੇ ਕਾਰਾਂ ਖੜ੍ਹੀਆਂ ਕਰਨੀਆਂ ਪੈ ਰਹੀਆਂ ਸਨ। ਗਲੋਬਲ ਪੰਜਾਬ ਟੀਵੀ ਰਾਹੀਂ ਲਾਈਵ ਦੇਖ ਰਹੇ ਦਰਸ਼ਕਾਂ ਵਿਚੋਂ ਬਹੁਤਿਆਂ ਨੇ ਸੰਪਰਕ ਕਰਕੇ ਅਤੇ ਗੁਰੂ ਘਰ ਅੰਦਰ ਸਜੀ ਸੰਗਤ ਨੇ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਪ੍ਰਬੰਧਕਾਂ ਨੂੰ ਅਗੋਂ ਤੋਂ ਵੀ ਅਜਿਹੇ ਪ੍ਰੋਗਰਾਮ ਕਰਦੇ ਰਹਿਣ ਲਈ ਉਤਸ਼ਾਹਿਤ ਕੀਤਾ ਹੈ। ਸੰਗਤਾਂ ਨੂੰ ਲੰਗਰ ਛੱਕਣ ਲਈ ਵੀ ਲੰਮੀਆਂ ਕਤਾਰਾਂ ਵਿੱਚ ਲੰਮਾ ਸਮਾਂ ਇੰਤਜਾਰ ਕਰਨਾ ਪਿਆ। ਦਰਦ-ਏ-ਕੌਮ ਨਵੰਬਰ 84 ਦੇ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਜਿਨ੍ਹਾਂ ਹੋਰ ਪਰਮੁੱਖ ਜੱਥੇਬੰਦੀਆਂ ਅਤੇ ਸਖਸ਼ੀਅਤਾਂ ਨੇ ਯੋਗਦਾਨ ਪਾਇਆ ਉਨ੍ਹਾਂ ਵਿੱਚ ਐਲਸੋਬਰਾਂਟੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤਾਂ, ਵਰਲਡ ਸਿੱਖ ਕੌਂਸਲ, ਦਲ ਖਾਲਸਾ ਅਲਾਇੰਸ, ਐਂਟੀ ਡੈਫਾਮਿਸ਼ਨ ਸਿੱਖ ਕੌਂਸਲ ਫਾਰ ਫ਼ਰੀਡਮ ਆਫ ਖ਼ਾਲਿਸਤਾਨ, ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ, ਦਾ ਸਿੱਖ ਐਜੂਕੇਸ਼ਨਲ ਟਰੱਸਟ ਕੈਨੇਡਾ, ਕੌਂਸਲ ਆਫ ਖ਼ਾਲਿਸਤਾਨ। ਗੋਲਡਨ ਪੰਜਾਬ ਕੱਲਬ, ਬੇ ਏਰੀਆ ਸਿੱਖ ਅਲਾਇੰਸ, ਸਰੀਰਕ ਦਰਦਾਂ ਦੇ ਮਾਹਿਰ, ਡਾ. ਪਰਮਜੀਤ ਸਿੰਘ ਅਜ਼ਰਾਵਤ ਨੇ 3 ਵਜੇ ਤੋ 8 ਵੱਜੇ ਤੱਕ ਜੋੜਾਂ ਦੇ ਦਰਦ ਤੋਂ ਪੀੜਤ ਮਰੀਜ਼ਾਂ ਦਾ ਇਲਾਜ਼ ਕੀਤਾ।

# ਗੁਰੂ ਨਾਨਕ ਦੇਵ ਜੀ ਦਾ ਆਗਮਨ ਪੁਰਬ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ

**ਰਿਓਲਿੰਡਾ–** ਸ੍ਰੀ ਗਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਵਿਖੇ ਬੀਤੇ ਐਤਵਾਰ ਨੂੰ ਧੰਨ ਧੰਨ ਗੁਰੂ ਨਾਨਕ ਦੇਵ ਜੀ ਦਾ ਆਗਮਨ ਪੁਰਬ ਸਮੂਹ ਸੰਗਤਾਂ ਵੱਲੋਂ ਬੜੇ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਦਿਨ ਭਗਤ ਨਾਮਦੇਵ ਜੀ ਦਾ ਵੀ ਜਨਮ ਦਿਹਾੜਾ ਮਨਾਇਅ ਗਿਅ। ਦਿਨ ਸ਼ੁੱਕਰਵਾਰ ਨੂੰ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ ਭੋਗ 16 ਨਵੰਬਰ ਦਿਨ ਐਤਵਾਰ ਨੂੰ ਪਾਏ ਗਏ। ਅਖੰਡ ਪਾਠ ਸਾਹਿਬ ਦੀ ਸੇਵਾ ਪਵਨ ਕੁਮਾਰ ਪਰਿਵਾਰ ਅਤੇ ਜਤਿੰਦਰ ਥਿੰਦ ਪਰਿਵਾਰ ਵੱਲੋਂ ਕੀਤੀ ਗਈ। ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਜਸਪਾਲ ਸਿੰਘ ਅਤੇ ਭਾਈ ਨਿਰਮਲ ਸਿੰਘ ਨੇ ਆਪਣੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਦੀ ਜੀਨੀ ਤੇ ਚਾਨਣਾ ਪਾਇਆ। ਉਹਨਾਂ ਵੱਲੋਂ ਦੱਸੇ ਮਾਰਗ ਤੇ ਚੱਲਣ ਦੀ ਸੰਗਤਾਂ ਨੂੰ ਬੇਨਤੀ ਕੀਤੀ। ਲਾਲ ਚੰਦ ਯਮਲਾ ਜੱਟ ਦੇ ਸਪੁੱਤਰ ਜਸਦੇਵ ਯਮਲਾ ਅਤੇ ਮੰਗਜੀਤ ਮੰਗਾ ਨੇ ਆਪਣੇ ਧਾਰਮਿਕ ਗੀਤਾਂ ਨਾਲ ਹਾਜ਼ਰੀ ਲਵਾਈ। ਕੜਾਹ ਪ੍ਰਸ਼ਾਦ ਦੀ ਦੇਗ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਹ ਜਾਣਕਾਰੀ ਜਸਵੰਤ ਜੱਸੀ ਸ਼ੀਮਾਰ ਵੱਲੋਂ ਦਿੱਤੀ।





# ਪੰਜਾਬੀ ਚਰਚ ਵੱਲੋਂ ਆਪਣੀ ਪਹਿਲੀ ਵਰ੍ਹੇਗੰਢ ਮਨਾਈ ਗਈ





ਬੀਤੇ ਦਿਨੀਂ 1 ਨਵੰਬਰ ਨੂੰ ਅਨੁਗ੍ਰਹਿ ਫੁੱਲ ਗੋਸਪੈਲ ਪੰਜਾਬੀ ਚਰਚ ਵੱਲੋਂ ਆਪਣੀ ਪਹਿਲੀ ਵਰ੍ਹੇਗੰਢ ਮਨਾਈ ਗਈ। ਇਸ ਮੌਕੇ ਪਾਸਟਰ ਏ. ਐਮ. ਗਿੱਲ ਨੇ ਆਈ ਸਾਰੀ ਸੰਗਤ ਨੂੰ ਸੰਬੋਧਿਤ ਕੀਤਾ। ਉਹਨਾਂ ਦੱਸਿਆ ਕਿ ਸੈਕਰਾਮੈਂਟੋ, ਟਰੇਸੀ, ਮੋਡੈਸਟੋ, ਸਟਾਕਟਨ, ਹੇਵਰਡ, ਫਰੀਮਾਂਟ ਦੀ ਸੰਗਤ ਨਾਲ ਸਹਿਯੋਗ ਕਰਕੇ ਇਸ ਮਿਸ਼ਨ ਨੂੰ ਅੱਗੇ ਵਧਾਇਆ ਜਾ ਰਿਹਾ। ਇਸ ਮੌਕੇ ਸਟਾਕਟਨ ਤੋਂ ਭਾਈ ਚੰਦਨ ਸਿੰਘ ਆਪਣੀ ਟੀਮ ਸਮੇਤ ਪਹੁੰਚੇ।

# ਕਿਸੇ ਕੀਮਤ ਤੇ ਵੀ ਰਾਖਵੇਂਕਰਨ ਦੇ ਅਧਿਕਾਰ ਨੂੰ ਖਤਮ ਨਹੀਂ ਹੋਣ ਦਿਆਂਗੇ- ਵਿਜੈ ਕੁਮਾਰ ਸਾਂਪਲਾ

**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਵੱਲੋਂ ਸਮਾਜ ਅੰਦਰ ਸਮਾਜਿਕ ਬਰਾਬਰੀ ਲਿਆਉਣ ਵਾਸਤੇ ਦਲਿਤ ਸਮਾਜ ਨੂੰ ਦਿਵਾਏ ਰਾਖਵੇਂਕਰਨ ਦੀ ਸਹੂਲਤ ਨੂੰ ਕਿਸ ਵੀ ਕੀਮਤ ਤੇ ਖਤਮ ਨਹੀਂ ਹੋਣ ਦਿੱਤਾ ਜਾਵੇਗਾ।

ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੇਂਦਰ ਵਿਚ ਨਵੇਂ ਬਣੇ ਸਮਾਜਿਕ ਸੁਰੱਖਿਆ ਅਤੇ ਰਾਜ ਮੰਤਰੀ ਭਾਰਤ ਸਰਕਾਰ ਸ੍ਰੀ ਵਿਜੈ ਕੁਮਾਰ ਸਾਂਪਲਾ ਨੇ ਖੁਰਾਲਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਕੀਤਾ। ਗਜ਼ਟਿਡ/ ਨਾਨ ਗਜ਼ਟਿਡ, ਐਸ ਸੀ./ ਬੀ. ਸੀ. ਇੰਪਲਾਈਜ਼ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਸ੍ਰੀ ਰਾਮ ਕਿਸ਼ਨ ਪੱਲੀਰੰਝੱਕੀ ਦੀ ਅਗਵਾਈ ਵਿਚ ਦਿੱਤੇ ਮੰਗ ਪੱਤਰ ਉਪਰੰਤ ਸ੍ਰੀ ਸਾਂਪਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 10 ਅਕਤੂਬਰ 2014 ਨੂੰ ਰਾਖਵੇਂਕਰਨ ਦੇ ਸਬੰਧ ਵਿਚ ਜੋ ਪੱਤਰ ਜਾਰੀ ਕੀਤਾ ਗਿਆ ਹੈ, ਉਸ ਬਾਰੇ ਅੱਜ ਪੰਜਾਬ ਸਰਕਾਰ ਨਾਲ ਗੱਲਬਾਤ ਕਰਕੇ, ਇਸ ਮਸਲੇ ਦਾ ਢੁਕਵਾਂ ਹੱਲ ਕੱਢ ਕੇ ਦਲਿਤ ਸਮਾਜ ਵਿਚ ਪਾਈ ਜਾਂਦੀ ਇਸ ਬੇਚੈਨੀ ਨੂੰ ਦੂਰ ਕਰਨ ਦਾ ਯਤਨ ਕਰਕੇ ਹੱਲ ਕਰਵਾਉਣਗੇ।

ਉਹਨਾਂ ਅੱਗੇ ਕਿਹਾ ਕਿ ਰਾਖਵੇਂਕਰਨ ਸਬੰਧੀ ਵਿਭਾਗ ਮੇਰੇ ਕੋਲ ਹੀ ਹੈ। ਇਸ ਲਈ ਇਹ ਮੇਰੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਮੈਂ ਦਲਿਤ ਸਮਾਜ ਦੇ ਨਾਲ ਸਬੰਧਤ ਮੰਤਰੀ ਹੋਣ ਦੇ ਨਾਤੇ ਦਲਿਤ ਸਮਾਜ ਨਾਲ ਕਿਸੇ ਕਿਸਮ ਦਾ ਧੱਕਾ ਨਾ ਹੋਣ ਦੇਵਾਂ।



ਇਸ ਮੌਕੇ ਤੇ ਉਹਨਾਂ ਦੇ ਨਾਲ ਸ੍ਰੀ ਸੁਰਿੰਦਰ ਸਿੰਘ ਭੁਲੇਵਾਲ ਰਾਠਾਂ, ਵਿਧਾਇਕ ਗੜ੍ਹਸ਼ੰਕਰ, ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਸਤਵਿੰਦਰਜੀਤ ਸਿੰਘ ਹੀਰਾ, ਸੁਰਿੰਦਰ ਸਿੰਘ ਛਿੰਦਾ, ਜਗਵਿੰਦਰ ਲਾਂਬਾ, ਰਾਮ ਲਾਲ ਵਿਰਦੀ, ਬਲਬੀਰ ਧਾਂਦਰਾਂ, ਰਾਜ ਕੁਮਾਰ ਸਾਂਗਰਾ, ਮਨਜੀਤ ਸਿੰਘ ਬਾਲੀ, ਰਣਜੀਤ ਸਿੰਘ, ਬੂਟਾ ਰਾਮ ਮਾਹਲ ਤੇ ਮਦਨ ਲਾਲ ਮੱਲੂਪੋਤਾ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਵੀ ਮੱਥਾ ਟੇਕਣ ਆਈਆਂ ਹੋਈਆਂ ਸਨ।

# ਗੁਰਪੁਰਬ ਦੀ ਤਰੀਕ ਬਦਲਣ ਕਾਰਨ ਨਾਨਕਸ਼ਾਹੀ ਕੈਲੰਡਰ ਦਾ ਵਿਵਾਦ ਮੁੜ ਭਖਿਆ

ਅੰਮ੍ਰਿਤਸਰ– ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਦੀ ਤਰੀਕ ਵਿੱਚ ਬਦਲਾਅ ਕੀਤੇ ਜਾਣ ਕਾਰਨ ਨਾਨਕਸ਼ਾਹੀ ਕੈਲੰਡਰ ਵਿਵਾਦ ਮੁੜ ਭਖ ਗਿਆ ਹੈ। ਸਿੱਖ ਵਿਦਵਾਨਾਂ ਦਾ ਮਤ ਹੈ ਕਿ ਕੈਲੰਡਰ ਵਿਵਾਦ ਨੂੰ ਹੱਲ ਕਰਨ ਲਈ ਇਸ ਮੁੱਦੇ 'ਤੇ ਮੁੜ ਵਿਚਾਰ ਹੋਣਾ ਚਾਹੀਦਾ ਹੈ। ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਅਤੇ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਇੱਕੋ ਦਿਨ 28 ਦਸੰਬਰ ਨੂੰ ਆਉਣ ਕਾਰਨ ਪੰਜ ਸਿੰਘ ਸਾਹਿਬਾਨ ਵੱਲੋਂ ਪ੍ਰਕਾਸ਼ ਪੁਰਬ 7 ਜਨਵਰੀ ਨੂੰ ਮਨਾਉਣ ਦਾ ਫ਼ੈਸਲਾ ਕੀਤਾ ਗਿਆ ਸੀ। ਪੰਜ ਸਿੰਘ ਸਾਹਿਬਾਨ ਦੇ ਇਸ ਫ਼ੈਸਲੇ ਨਾਲ ਪ੍ਰਕਾਸ਼ ਪੁਰਬ 28 ਦਸੰਬਰ ਅਤੇ 7 ਜਨਵਰੀ ਤੋਂ ਇਲਾਵਾ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਪੰਜ ਜਨਵਰੀ ਨੂੰ ਵੀ ਮਨਾਇਆ ਜਾ ਰਿਹਾ ਹੈ। ਇੱਕ ਗੁਰਪੁਰਬ ਦੀਆਂ ਤਿੰਨ ਤਰੀਕਾਂ ਹੋਣ ਕਾਰਨ ਸਿੱਖ ਕੌਮ ਦੁਵਿਧਾ ਵਿੱਚ ਹੈ। ਗੁਰਪੁਰਬ ਦੀ ਤਰੀਕ ਵਿੱਚ ਬਦਲਾਅ ਕੀਤੇ ਜਾਣ ਕਾਰਨ ਇੱਕ ਵਾਰ ਮੁੜ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਲਾਗੂ ਕਰਨ ਦੀ ਮੰਗ ਉਭਰੀ ਹੈ।

# ਅਮਰੀਕਾ ਦੇ ਪੰਜਾਬੀ ਕਵੀਆਂ ਵੱਲੋਂ ਸੈਨਹੋਜ਼ੇ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ ਜਾਵੇਗਾ

**ਸੈਨਹੋਜ਼ੇ (ਪ੍ਰਮਿੰਦਰ ਸਿੰਘ ਪ੍ਰਵਾਨਾ)–** ਇਲਾਕਾ ਨਿਵਾਸੀਆਂ ਅਤੇ ਸਮੂਹ ਸਾਧ ਸੰਗਤ ਵਾਸਤੇ ਵਿਸ਼ੇਸ਼ ਸੂਚਨਾ ਹੈ ਕਿ 23 ਨਵੰਬਰ 2014 ਦਿਨ ਐਤਵਾਰ ਬਾਅਦ ਦੁਪਹਿਰ 1 ਵਜੇ ਤੋਂ 2 ਵਜੇ ਤੱਕ ਅਮਰੀਕੀ ਸਥਾਨਕ ਪੰਜਾਬੀ ਕਵੀਆਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਸਾਰਥਕ ਧਾਰਮਿਕ ਕਵੀ ਦਰਬਾਰ ਸਜਾਇਆ ਜਾਵੇਗਾ, ਜਿਸ ਵਿਚ ਗੁਰਾਂ ਦੇ ਫਲਸਫੇ ਨੂੰ ਦਰਸਾਉਂਦੀਆਂ ਨਿਰੋਲ ਧਾਰਮਿਕ, ਗੁਰ ਇਤਿਹਸ, ਧਾਰਮਿਕ ਵਿਰਸੇ ਅਤੇ ਗੁਰਮਤਿ ਆਸ਼ੇ ਅਨੁਸਾਰ ਧਾਰਮਿਕ ਕਵਿਤਾਵਾਂ ਕਹੀਆਂ ਜਾਣਗੀਆਂ।

ਹਫਤਾਵਾਰੀ ਧਾਰਮਿਕ ਕਵੀ ਦਰਬਾਰਾਂ ਦੀ ਲੜੀ ਜਾਰੀ ਹੈ ਅਤੇ ਸਮੂਹ ਅਖਬਾਰੀ ਮਾਧਿਅਮ ਨਾਲ ਘਰ ਘਰ ਪਹੁੰਚਾਇਆ ਜਾਂਦਾ ਹੈ।

ਯੋਗ ਪ੍ਰਬੰਧਕਾਂ ਦੇ ਸਹਿਯੋਗ ਨਾਲ ਅਜਿਹ ਸਫਲ ਪ੍ਰੋਗਰਾਮ ਸਿਰੇ ਚੜ੍ਹਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਨੂੰ ਅਗਾਂਹ ਤੋਰਨ ਦੇ ਯਤਨ ਜਾਰੀ ਹਨ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਸਾਰਥਕ, ਧਾਰਮਿਕ ਕਵੀ ਦਰਬਾਰ ਦਾ ਆਨੰਦ ਮਾਣਦੇ ਹੋਏ ਕਵੀਆਂ ਦੀ ਹੌਸਲਾ ਅਫਜ਼ਾਈ ਲਈ ਜ਼ਰੂਰ ਦਰਸ਼ਨ ਦੇਣ।

ਪਹਿਲੇ ਸਫੇ ਦੀ ਬਾਕੀ

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ

ਵਾਲਮੀਕ ਜੀ ਦੀਆਂ ਸਿੱਖਿਆਵਾਂ ਅਤੇ ਬਾਣੀ ਉਪਰ ਬਹੁਤ ਵਿਸਥਾਰ ਪੂਰਵਕ ਚਾਨਣਾ ਪਾਇਆ। ਲੰਗਰਾਂ ਦੀ ਸੇਵਾ ਵੀ ਵੱਖ-ਵੱਖ ਤੌਰ ਤੇ ਰਵਿਦਾਸ ਸਭਾ ਯੂਬਾ ਸਿਟੀ, ਪਰਦੀਪ ਗਿੱਲ, ਸੌਂਧੀ ਪਰਿਵਾਰ, ਜਗਜੀਤ ਰਾਣਾ (ਗਿੱਲ) ਵੱਲੋਂ ਕੀਤੀ ਗਈ। ਹਰ ਸਾਲ ਦੀ ਤਰ੍ਹਾਂ ਸਟੇਜ ਸਕੱਤਰ ਦੀ ਸੇਵਾ ਵੀ ਸੰਤੋਖ ਸਿੰਘ ਗਿੱਲ (ਵਾਈਸ ਪ੍ਰਧਾਨ, ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਯੂਬਾ ਸਿਟੀ) ਵੱਲੋਂ ਬਾਖੂਬੀ ਨਿਭਾਈ ਗਈ। ਪ੍ਰੋਗਰਾਮ ਦੇ ਅਖੀਰ ਵਿਚ ਸਭਾ ਦੇ ਪ੍ਰਧਾਨ ਪ੍ਰੇਮ ਲਾਲ ਸੌਂਧੀ ਵੱਲੋਂ ਸਮੂਹ ਸੰਗਤਾਂ ਅਤੇ ਸਾਰੇ ਸੇਵਾਦਰਾਂ ਦਾ ਧੰਨਵਾਦ ਕੀਤਾ ਗਿਆ। ਪ੍ਰੈਸ ਨੂੰ ਇਹ ਸਾਰੀ ਜਾਣਕਾਰੀ ਸਭਾ ਦੇ ਬੁਲਾਰੇ ਜਗਜੀਤ ਗਿੱਲ ਵੱਲੋਂ ਦਿੱਤੀ ਗਈ।

# ਸੰਤ ਰਾਮਪਾਲ ਗ੍ਰਿਫਤਾਰ -ਆਸ਼ਰਮ 'ਚੋਂ ਮਿਲੀਆਂ 4 ਲਾਸ਼ਾਂ



ਚੰਡੀਗੜ੍ਹ- ਕਈ ਦਿਨਾਂ ਦੇ ਡਰਾਮੇ ਬਾਅਦ ਅੱਜ ਸੰਤ ਰਾਮਪਾਲ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹਰਿਆਣਾ ਦੇ ਪੁਲਿਸ ਮੁਖੀ ਐਸ. ਐਨ. ਵਸ਼ਿਸ਼ਟ ਨੇ ਦੱਸਿਆ ਕਿ ਜ਼ਿਲ੍ਹਾ ਹਿਸਾਰ ਦੇ ਬਰਵਾਲਾ ਵਿਚ ਸਤਲੋਕ ਆਸ਼ਰਮ ਦੇ ਮੋਢੀ ਰਾਮਪਾਲ ਦੀ ਗ੍ਰਿਫ਼ਤਾਰੀ ਲਈ ਚਲਾਏ ਜਾ ਰਹੇ ਆਪਰੇਸ਼ਨ ਦੌਰਾਨ ਆਸ਼ਰਮ ਵੱਲੋਂ ਪੁਲਿਸ ਨੂੰ ਚਾਰ ਮਹਿਲਾਵਾਂ ਦੀਆਂ ਲਾਸ਼ਾਂ ਸਾਪੀਆਂ ਗਈਆਂ ਹਨ । ਇਸ ਤੋਂ ਇਲਾਵਾ, ਇਕ ਮਹਿਲਾ ਦੀ ਕੁਦਰਤੀ ਮੌਤ ਅਤੇ ਡੇਢ ਸਾਲ ਦੇ ਬੱਚੇ ਦੀ ਕੁਦਰਤੀ ਮੌਤ ਹੋਈ ਹੈ । ਅੱਜ ਇਥੇ ਪੱਤਰਕਾਰ ਸੰਮੇਲਨ ਦੌਰਾਨ ਉਨ੍ਹਾਂ ਦੱਸਿਆ ਕਿ ਮ੍ਰਿਤਕਾਂ 'ਚ ਸਵਿਤਾ (31) ਪਤਨੀ ਸ਼ਿਵ ਪਾਲ ਵਾਸੀ ਰੋਗਨਪੁਰ (ਉੱਤਰ ਪ੍ਰਦੇਸ਼), ਹਾਲ ਵਾਸੀ ਲਖਪਤ ਕਾਲੋਨੀ ਮੀਤਾਪੁਰ, ਨਵੀਂ ਦਿੱਲੀ, ਸੰਤੋਸ਼ (45) ਪਤਨੀ ਰਾਮ ਮੇਹਰ ਵਾਸੀ ਭਗਵਤੀਪੁਰ ਜ਼ਿਲ੍ਹਾ ਰੋਹਤਕ, ਮਲਕੀਤ ਕੌਰ (50) ਪਤਨੀ ਜਰਨੈਲ ਸਿੰਘ ਵਾਸੀ ਸ਼ੇਖਾਪੁਰ ਜ਼ਿਲ੍ਹਾ ਸੰਗਰੂਰ ਅਤੇ ਰਾਜਬਾਲਾ (70) ਬਿਜਨੌਰ ਸ਼ਾਮਿਲ ਹਨ । ਰਜਨੀ (20) ਪਤਨੀ ਸੁਰੇਸ਼ ਪ੍ਰਜਾਪਤ ਵਾਸੀ ਜਖੋਰਾ (ਉੱਤਰ ਪ੍ਰਦੇਸ਼) ਅੱਜ ਸਵੇਰੇ 4 ਵਜੇ ਗੰਭੀਰ ਹਾਲਤ 'ਚ ਆਸ਼ਰਮ ਤੋਂ ਬਾਹਰ ਆਈ, ਜਿਸ ਨੂੰ ਦਿਲ ਦੀ ਸਮੱਸਿਆ ਸੀ, ਨੂੰ ਤੁਰੰਤ ਅਗ੍ਰੋਹਾ ਮੈਡੀਕਲ ਕਾਲਜ ਲਿਜਾਇਆ ਗਿਆ, ਪਰ ਸਵੇਰੇ 8 ਵਜੇ ਉਸ ਦੀ ਮੌਤ ਹੋ ਗਈ । ਇਕ ਡੇਢ ਸਾਲ ਦੇ ਬੱਚੇ ਸ਼ਿਸ਼ੂ ਪੁੱਤਰ ਵਿਪਿਨ ਪ੍ਰਤਾਪ ਸਿੰਘ ਛਤਰੀਆ ਵਾਸੀ ਮੱਧ ਪ੍ਰਦੇਸ਼ ਦੀ ਅੱਜ ਸਵੇਰੇ ਆਸ਼ਰਮ ਵਿਚ ਮੌਤ ਹੋ ਗਈ ।

# ਆਸਟ੍ਰੇਲੀਆ ਤੋਂ ਬਾਅਦ ਮੋਦੀ ਵੱਲੋਂ 14 ਟਾਪੂ ਮੁਲਕਾਂ ਨੂੰ ਗੱਫੇ

ਸੁਵਾ- ਭਾਰਤ ਨੇ ਅੱਜ 14 ਟਾਪੂ ਮੁਲਕਾਂ ਵੱਲ ਸਹਾਇਤਾ ਦਾ ਹੱਥ ਵਧਾਉਂਦਿਆਂ ਕਰਜ਼ੇ ਦੇਣ ਅਤੇ ਵਿਕਾਸ 'ਚ ਯੋਗਦਾਨ ਪਾਉਣ ਲਈ ਤਿੰਨ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਅਤੇ 15 ਹੋਰ ਛੇਤੀ ਹੋਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫਿਜੀ ਦੇ ਦੌਰੇ ਦੌਰਾਨ ਸਾਰੇ 14 ਟਾਪੂ ਮੁਲਕਾਂ ਦੇ ਲੋਕਾਂ ਨੂੰ ਭਾਰਤ ਪਹੁੰਚਣ 'ਤੇ ਵੀਜ਼ਾ ਦੇਣ ਦਾ ਐਲਾਨ ਕੀਤਾ ਅਤੇ ਹੀ ਫਿਜੀ ਨੂੰ 8 ਕਰੋੜ ਡਾਲਰ ਦੀ ਸਹਾਇਤਾ ਵੀ ਦਿੱਤੀ ਜਾਏਗੀ। ਫਿਜੀ ਦੇ ਪ੍ਰਧਾਨ ਮੰਤਰੀ ਫਰੈਂਕ ਬੈਨੀਮੀਰਾਮਾ ਨਾਲ ਗੱਲਬਾਤ ਦੌਰਾਨ ਸ੍ਰੀ ਮੋਦੀ ਨੇ ਟੈਲੀ ਮੈਡੀਸਿਨ ਅਤੇ ਟੈਲੀ ਐਜੂਕੇਸ਼ਨ ਪ੍ਰਾਜੈਕਟਾਂ ਨੂੰ ਵਿਕ-ਸਿਤ ਕਰਨ ਦੇ ਮਕਸਦ ਨਾਲ 10 ਲੱਖ ਡਾਲਰ ਦਾ ਵਿਸ਼ੇਸ਼ ਫੰਡ ਦੇਣ ਦਾ ਐਲਾਨ ਕੀਤਾ। 1981 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਫਿਜੀ ਦੌਰੇ ਤੋਂ ਬਾਅਦ ਹੁਣ ਸ੍ਰੀ ਮੋਦੀ ਨੇ ਉਥੋਂ ਦਾ ਦੌਰਾ ਕੀਤਾ ਹੈ। ਭਾਰਤ ਅਤੇ ਫਿਜੀ ਨੇ ਸੁਰੱਖਿਆ ਅਤੇ ਰੱਖਿਆ ਖੇਤਰ 'ਚ ਵੀ ਸਹਿਯੋਗ ਵਧਾਉਣ 'ਤੇ ਸਹਿਮਤੀ ਜਤਾਈ ਹੈ। ਸ੍ਰੀ ਮੋਦੀ ਨੇ ਇਸ ਮੌਕੇ ਪ੍ਰਸ਼ਾਂਤ ਸਾਗਰ 'ਚ ਪੈਂਦੇ 12 ਮੁਲਕਾਂ ਦੇ ਆਗੂਆਂ ਦੀ ਮੀਟਿੰਗ ਨੂੰ ਵੀ ਸੰਬੋਧਨ ਕੀਤਾ। ਉਨ੍ਹਾਂ ਫਿਜੀ ਨੈਸ਼ਨਲ ਯੂਨੀਵਰਸਿਟੀ 'ਚ ਵੀ ਭਾਸ਼ਨ ਦਿੱਤਾ ਜੋ ਕਿਸੇ ਆਲਮੀ ਆਗੂ ਦਾ ਪਹਿਲਾ ਭਾਸ਼ਨ ਹੈ। ਹਰੇਕ ਟਾਪੂ ਮੁਲਕਾਂ ਨੂੰ ਪ੍ਰਾਜੈਕਟਾਂ ਲਈ ਰਾਸ਼ੀ ਸਵਾ ਲੱਖ ਡਾਲਰ ਸਾਲਾਨਾ ਤੋਂ ਵਧਾ ਕੇ ਦੋ ਲੱਖ ਡਾਲਰ ਕਰ ਦਿੱਤੀ ਗਈ ਹੈ। ਭਾਰਤ ਵੱਲੋਂ ਫਿਜੀ ਦੇ ਲੋਕਾਂ ਲਈ ਪਾਰਲੀਮੈਂਟ ਲਾਇਬਰੇਰੀ ਸਥਾਪਤ ਕੀਤੀ ਜਾਵਏਗੀ ਅਤੇ ਸਕਾਲਰਸ਼ਿਪ ਦੁਗਣੀ ਕਰ ਦਿੱਤੀ ਗਈ ਹੈ।ਸ੍ਰੀ ਮੋਦੀ ਨੇ ਫਿਜੀ ਦੀ ਸੰਸਦ ਨੂੰ ਸੰਬੋਧਨ ਕਰਦਿਆਂ ਡਿਜ਼ੀਟਲ ਫਿਜੀ' ਦੀ ਉਸਾਰੀ 'ਚ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ।

# ਟਵਿੱਟਰ 'ਤੇ ਮੋਦੀ ਦੇ ਪ੍ਰਸੰਸਕਾਂ ਦੀ ਗਿਣਤੀ 80 ਲੱਖ ਟੱਪੀ

ਨਵੀਂ ਦਿੱਲੀ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੋਸ਼ਲ ਨੈੱਟਵਰਕਿੰਗ 'ਟਵਿੱਟਰ' 'ਤੇ 80 ਲੱਖ ਪ੍ਰਸੰਸਕ ਹਨ।

ਲੋਕਾਂ 'ਚ ਮਕਬੂਲੀਅਤ ਦੇ ਮਾਮਲੇ 'ਚ ਸ੍ਰੀ ਮੋਦੀ ਹੁਣ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਪੋਪ ਤੋਂ ਬਾਅਦ ਤੀਜੇ ਨੰਬਰ 'ਤੇ ਆ ਗਏ ਹਨ। ਟਵਿੱਟਰ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਸ੍ਰੀ ਓਬਾਮਾ ਦੇ ਚਾਰ ਕਰੋੜ 30 ਲੱਖ ਅਤੇ ਪੋਪ ਫਰਾਂਸਿਸ ਦੇ ਇਕ ਕਰੋੜ 40 ਲੱਖ ਪ੍ਰਸੰਸਕ ਹਨ। ਬਿਆਨ 'ਚ ਕਿਹਾ ਗਿਆ ਹੈ ਕਿ ਮਈ 'ਚ ਚੋਣਾਂ ਜਿੱਤਣ ਤੋਂ ਬਾਅਦ ਸ੍ਰੀ ਮੋਦੀ ਦੇ ਟਵਿੱਟਰ ਖਾਤੇ 'ਚ ਦੁੱਗਣੇ ਪ੍ਰਸੰਸਕ ਹੋ ਗਏ ਹਨ। ਸ੍ਰੀ ਮੋਦੀ ਆਪਣੇ ਦੌਰਿਆਂ 'ਚ ਟਵਿੱਟਰ ਮਿਰਰ ਦੀ ਵਰਤੋਂ ਕਰਦੇ ਤਸਵੀਰਾਂ ਅਤੇ ਹੋਰ ਪ੍ਰੋਗਰਾਮਾਂ ਦੀ ਜਾਣਕਾਰੀ ਵੀ ਭੇਜਦੇ ਰਹਿੰਦੇ ਹਨ।


Sam's Auto Repair & Services

Professional Auto Repairs & Services

BRAKE & LAMP INSPECTION

Domestic & Foreign Cars

STAR CERTIFIED TEST & REPAIR STATION

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ www.smogcheck.ca.gov ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ DMV ਰਜਿਸਟ੍ਰੇਸਨ ਵੀ ਕਰਵਾ ਸਕਦੇ ਹੋ

649 West Elkhorn Blvd, Suite B Rio Linda, CA 95673

(916) 992-9004






(916) 334-7664

6421 Watt Ave.

North Highlands, CA 95660


$10.00 Off initial Smog Check

Restrictions Apply - See Store for Details

STAR Certified


# ਪਰਮਜੀਤ ਦੁਸਾਂਝ ਦੁਆਰਾ ਸੰਪਾਦਤ ਪੁਸਤਕ " ਦਲਿਤ ਸਮਾਜ : ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਸੰਦਰਭ 'ਚ ਇਟਲੀ ਵਿਚ ਹੋਵੇਗੀ ਰਿਲੀਜ਼

ਯੂਰਪ ਵਿਚ ਵੱਸਦੇ ਪੰਜਾਬੀ ਚਿੰਤਕ ਅਤੇ ਪੱਤਰਕਾਰ ਸ਼੍ਰੀ ਪਰਮਜੀਤ ਦੁਸਾਂਝ ਨੇ ਇਕ ਪੁਸਤਕ ਸੰਪਾਦਤ ਕੀਤੀ ਹੈ ਜੋ ਕਿ ਉਹਨਾਂ ਨੇ ਮਾਨਵਵਾਦੀ, ਅੰਬੇਡਕਰਵਾਦੀ, ਸਿੱਖੀ ਅਤੇ ਖੱਬੇ ਪੱਖੀ-ਮਾਰਕਸਵਾਦੀ ਸੋਚ ਰੱਖਣ ਵਾਲੇ ਵਿਦਵਾਨਾਂ ਕੋਲੋਂ ਉਚੇਚਾ ਜਤਨ ਕਰਕੇ ਪੰਜਾਬ ਦੇ ਦਲਿਤ ਸਮਾਜ ਬਾਰੇ ਲੇਖ ਲਿਖਵਾ ਕੇ ਉਹਨਾਂ ਦਾ ਆਪਸ ਵਿਚ ਸੰਵਾਦ ਰਚਾਇਆ ਹੈ। ਇਸ ਵਿਚ ਉਹਨਾਂ ਨੇ ਦਲਿਤ ਸਮਾਜ ਦੇ ਵੱਖ ਵੱਖ ਸਰੋਕਾਰਾ ਨੂੰ ਟੱਚ ਕਰਦੇ ਆਰਟੀਕਲਾਂ ਵਿਚ ਲੇਖਕਾਂ ਨਾਲ ਡੂੰਘਾ ਅਤੇ ਚਿੰਤਕੀ ਸੰਵਾਦ ਕੀਤਾ ਹੈ। ਇਸ ਤਰ੍ਹਾਂ ਦਾ ਸੰਵਾਦ ਤੋਰਨ ਵਾਲੀ ਸਾਇਦ ਇਹ ਪਹਿਲੀ ਸੰਪਾਦਤ ਪੁਸਤਕ ਹੋਵੇਗੀ। ਸਾਰੇ ਚਿੰਤਕਾਂ ਨੇ ਸਹਿਜਤਾ ਨਾਲ ਸੰਵਾਦ ਤੋਰਿਆ ਹੈ। ਸੰਪਾਦਕ ਦੇ ਅਨੁਸਾਰ ਇਸ ਪੁਸਤਕ ਰਾਹੀਂ ਬੁੱਧੀਜੀਵੀ ਵਰਗ 'ਚ ਪੰਜਾਬ 'ਚ ਜਾਤ ਪਾਤ ਦੇ ਮਸਲੇ ਨੂੰ ਲੈ ਕੇ, ਦਲਿਤਾ ਦੀ ਸਮਾਜਿਕ ਸਪੇਸ ਨੂੰ ਲੈ ਕੇ, ਰਾਜੀਤਿਕ ਪਹੁੰਚ ਨੂੰ ਲੈ ਕੇ ਅਤੇ ਧਾਰਮਿਕ ਖੁਦਮੁਖਤਾਰੀ ਨੂੰ ਲੈ ਕੇ ਉਸਾਰੂ ਸੰਵਾਦ ਤੁਰਨ ਦੀ ਆਸ ਹੈ। ਉਹਨਾਂ ਕਿਹਾ ਕਿ ਮੈਨੂੰ ਪੂਰੀ ਆਸ ਹੈ ਕਿ ਇਹ ਕਿਤਾਬ ਦਲਿਤ ਚਿੰਤਨ ਦੇ ਨਵੇਂ ਪਰਿਪੇਖ ਨੂੰ ਉਘਾੜਨ ਵਾਲੀ ਸਾਬਤ ਹੋਵੇਗੀ। ਇਹ ਕਿਤਾਬ ਦਲਿਤ ਚਿੰਤਨ ਨੂੰ ਸਮਝਣ ਵਿਚ ਵੀ ਸਹਾਈ ਹੋਏਗੀ। ਦਲਿਤ ਚੇਤਨਾ ਸਾਡੇ ਸਮਿਆ ਦਾ ਬਹੁਤ ਹੀ ਚਰਚਿੱਤ ਅਤੇ ਸੰਵੇਦਨਾਸ਼ੀਲ ਮੁੱਦਾ ਮੰਨਿਆ ਜਾ ਰਿਹਾ ਹੈ । ਜਿਸਨੂੰ ਸੰਜੀਦਗੀ ਅਤੇ ਸੁਹਿੰਦਰਤਾ ਨਾਲ ਮੁਖਾਤਿਬ ਹੋਣਾ ਸਮੇਂ ਦੀ ਹੋਰ ਵੀ ਲੋੜ੍ਹ ਬਣ ਜਾਂਦੀ ਹੈ। ਉਹਨਾਂ ਨੇ ਸਾਡੇ ਪੱਤਰਕਾਰਾ ਨਾਲ ਗੱਲਬਾਤ ਕਰਦਿਆ ਕਿਹਾ ਕਿ ਡਾ. ਅੰਬੇਦਕਰ ਸਾਹਿਬ ਇਕ ਇਨਕਲਾਬੀ ਦੇ ਨਾਲ ਨਾਲ ਇਕ ਸਿਧਾਤਕਾਰ ਵੀ ਸਨ , ਪਰ ਡਾ ਅੰਬੇਦਕਰ ਸਾਹਿਬ ਜੀ ਦੀ ਮੌਤ ਤੋਂ ਬਾਅਦ ਕੁਝ ਸਾਤਰ ਦਿਮਾਗ ਲੋਕਾਂ ਨੇ ਉਹਨਾਂ ਨੂੰ ਬਹੁਤਾ ਕਰਕੇ ਇਕ ਸਿਧਾਂਤਕਾਰ ਵਜੋਂ ਵਿਕਸਤ ਕਰ ਦਿੱਤਾ। ਸ਼੍ਰੀ ਪਰਮਜੀਤ ਦੁਸਾਂਝ ਨੇ ਕਿਹਾ ਕਿ ਡਾ ਅੰਬੇਦਕਰ ਸਾਹਿਬ ਇਕ ਉਪਦੇਸ ਦਿਆ ਕਰਦੇ ਸਨ। ਜਿਸ ਨੂੰ ਹਰ ਦਲਿਤ ਨੂੰ ਫੌਲੋਂ ਕਰਨਾ ਚਾਹੀਦਾ ਹੈ। ਉਹ ਸੀ ਸਿੱਖਿਆ ਜਾ ਗਿਆਨ ਦਾ ਸੰਕਲਪ। ਗਿਆਨ ਤੋਂ ਬਿਨਾਂ ਹੋਰ ਕੋਈ ਕਾਰਗਰ ਹਥਿਆਰ ਨਹੀਂ ਹੋ ਸਕਦਾ ਜੀਵਨ ਨੂੰ ਸੁੰਦਰ ਬਣਾਉਣਾ ਦਾ। ਕਿਉਕਿ ਮਨੁੱਖੀ ਜੀਵਨ-ਜਾਚ, ਰਹਿਣਾ-ਸਹਿਣ, ਸਮਝਣ ਤੇ ਪ੍ਰਗਤੀ ਕਰਨ ਦਾ ਦਾਰੋਮਦਾਰ ਗਿਆਨ 'ਤੇ ਟਿਕਿਆ ਹੋਇਆ ਹੈ। ਗਿਆਨ ਦੇ ਵਰਤਾਰੇ ਨੂੰ ਬੰਧਨ ਵਿਚ ਬੰਨਕੇ ਨਹੀਂ ਲਿਖਿਆ ਜਾ ਸਕਦਾ। ਸ਼ਬਦ ਅਤੇ ਵਿਚਾਰ ਹੀ ਜੀਵਨ ਦਾ ਅਧਾਰ ਹੈ। ਜਿਸ ਨੂੰ ਮੱਦੇਨਜ਼ਰ ਰੱਖਦਿਆ ਹੋਇਆ ਇਹ ਕਿਤਾਬ ਅਮਲੀ ਰੂਪ ਵਿਚ ਸਕਾਰ ਹੋਈ। ਤਾ ਕਿ ਗਿਆਨ ਦੇ ਸਿਧਾਤ ਵਾਲਾ ਡਾ. ਅੰਬੇਦਕਰ ਵਾਲਾ ਸਿਧਾਤ ਫੌਲੋ ਕੀਤਾ ਜਾ ਸਕੇ। ਕਿਉਂਕਿ ਸਮਾਜਿਕ ਤਬਦੀਲੀ ਦਾ ਸਿਧਾਂਤ ਅਮਲ 'ਚ ਵਿਕਸਤ ਹੁੰਦਾ ਹੈ। ਸਿਧਾਂਤ ਤੋਂ ਬਗੈਰ ਅਮਲ ਅਤੇ ਅਮਲ ਤੋਂ ਬਗੈਰ ਸਿਧਾਂਤ ਬੇਮਾਅਨਾ ਹੋਵੇਗਾ। ਇਸ ਲਈ ਡਾ, ਅੰਬੇਦਕਰ ਸਾਹਿਬ ਜੀ ਦੇ ਅਮਲ ਦੇ ਸਿਧਾਂਤ ਦੇ ਅਮਲ ਨੂੰ ਅਪਣਾਉਂਣਾ ਦਲਿਤਾ ਲਈ ਬਹੁਤ ਹੀ ਜਰੂਰੀ ਹੈ। ਜਿਸ ਦੀ ਗੱਲ ਇਸ ਕਿਤਾਬ ਵਿਚ ਕੀਤੀ ਗਈ ਹੈ। ਉਹਨਾਂ ਅੱਗੇ ਕਿਹਾ ਕਿ ਮੈਨੂੰ ਇਸ ਪੁਸਤਕ ਤੋਂ ਆਸ ਹੈ ਕਿ ਪੰਜਾਬੀ ਦੇ ਚਿੰਤਨੀ ਹਲਕਿਆ ਵਿਚ ਇਹ ਮੌਲਿਕ ਵਾਧਾ ਕਰੇਗੀ ਤੇ ਮੈਂ ਦਾਵੇ ਨਾਲ ਇਹ ਕਹਿ ਸਕਦਾ ਹਾ ਕਿ ਇਹ ਕਿਤਾਬ ਦਲਿਤ ਚਿੰਤਨ ਦੇ ਖੇਤਰ ਵਿਚ ਵੀ ਇਕ ਮੌਲਿਕ ਵਾਧਾ ਹੀ ਨਹੀ ਹੈ। ਸਗੋਂ ਦਲਿਤ ਚਿੰਤਨ ਅਤੇ ਦਲਿਤ ਰਾਜਨੀਤੀ ਦੀ ਵਿਚਾਰਧਾਰਕ ਸਪੱਸ਼ਟਤਾ ਦਾ ਸੁੱਚਜਾ ਪ੍ਰਮਾਣ ਬਣਨ ਦੀ ਸਮੱਰਥਾ ਵੀ ਰੱਖਦੀ ਹੈ। ਜੋ ਕਿ ਦਲਿਤਾ ਦੇ ਇਤਿਹਾਸਿਕ ਪੈਰਾਡਾਈਮ, ਦਲਿਤ ਚਿੰਤਨ, ਦਲਿਤ ਰਾਜਨੀਤੀ, ਦਲਿਤਾਂ ਦੇ ਸਮਾਜਿਕ ਸਰੋਕਾਰਾਂ, ਦਲਿਤਾਂ ਦੇ ਧਾਰਮਿਕ ਖੁਦਮੁਖਤਿਆਰੀ ਦੇ ਸਰੋਕਾਰ , ਅਤੇ ਆਰਥਿਕ ਸਰੋਕਾਰਾਂ ਦੇ ਮਹੀਨ ਵਿਸ਼ਲੇਸ਼ਣ ਦੇ ਨਾਲ ਨਾਲ ਦਲਿਤ ਪਛਾਣ ਅਤੇ ਹੋਰ ਦਲਿਤਾਂ ਦੇ ਬਹੁਮੁੱਖੀ ਮੁੱਦਿਆ ਤੇ ਫੋਕਸ ਕਰਦੀ ਭਖ਼ਵੀਂ ਅਤੇ ਤਰਕਸੰਗਤ ਰੂਪ ਵਿਚ ਸੰਵਾਦ ਤੋਰਦੀ ਇਸ ਪੁਸਤਕ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ, ਜੋ ਕਿ ਪੰਜਾਬ ਵਿਚ ਦਲਿਤਾਂ ਦੀ ਇਤਿਹਾਸਿਕ ਪਛਾਣ ਨੂੰ ਵੀ ਨਵੇਂ ਅਰਥ ਪ੍ਰਦਾਨ ਕਰਦੀ ਹੈ। ਇਸ ਪੁਸਤਕ ਦੀ ਇਹ ਖਾਸੀਅਤ ਹੈ ਕਿ ਇਹ ਨਿਰੀਪੁਰੀ ਨਿਰੋਲ ਦਲਿਤ ਨਜ਼ਰੀਏ ਤੋਂ ਹੀ ਨਹੀ ਲਿਖੀ ਗਈ ਸਗੋਂ ਗੈਰ-ਦਲਿਤ ਦਿਸ਼ਟੀਕੋਣ ਤੋਂ ਵੀ ਵੀਚਾਰੀ ਗਈ ਹੈ। ਉਹਨਾਂ ਕਿਹਾ ਕਿ ਬ੍ਰਹਮਣਵਾਦੀ ਸਰਮਾਏਦਾਰੀ ਵਲੋਂ ਡਾ. ਅੰਬੇਦਕਰ ਨੂੰ ਨਿਰੋਲ ਸੰਵਿਧਾਨ ਘਾੜਾ ਬਣਾਕੇ ਪੇਸ਼ ਕਰਨਾ ਵੀ ਇਕ ਡੂੰਘੀ ਸ਼ਾਜਿਸ਼ ਦਾ ਹਿੱਸਾ ਹੈ ਅਤੇ ਦਲਿਤਾਂ ਨੂੰ ਰਾਜ ਦੇ ਜਮਾਤੀ ਕਿਰਦਾਰ ਬਾਰੇ ਇਕ ਸਮਝ ਬਣਾਉਂਣੀ ਚਾਹੀਦੀ ਹੈ ਤਾਂ ਕਿ ਇੱਕਲੀ ਰਿਜ਼ਰਵੇਸ਼ਨ 'ਤੇ ਸੰਸਦਵਾਦ ਉਪਰ ਬੱਝਵੀ ਟੇਕ ਨਾ ਰੱਖੀ ਜਾਵੇ। ਸਗੋਂ ਰਾਜਕੀ ਪ੍ਰਬੰਧ ਦੇ ਮਾਲਕ ਬਣਨ ਵੱਲ ਰੁਚਿਤ ਹੋਣਾ ਚਾਹੀਦਾ ਹੈ। ਸੰਪਾਦਕ ਨੇ ਕਿਹਾ ਕਿ "ਮੁਲਕ ਦੇ ਠੋਸ ਹਾਲਤਾਂ ਨੂੰ ਸਮਝਣ ਲਈ ਅੰਬੇਦਕਰਵਾਦ ਨੂੰ ਮਸ਼ੀਨੀ ਰੂਪ 'ਚ ਨਹੀ, ਵਿਰੋਧ -ਵਿਕਾਸੀ ਰੂਪ 'ਚ ਲੈਣਾ ਜ਼ਰੂਰੀ ਹੈ। ਉਹਨਾਂ ਕਿਹਾ ਕਿ ਭਾਰਤ ਦੇ ਮਹਾਨ ਦਾਰਸ਼ਿਨਕ ਡਾ. ਅੰਬੇਦਕਰ ਅਨੁਸਾਰ ਕਿਸੇ ਵਿਚਾਰਧਾਰਾ ਦੇ ਸੱਭ ਤੋਂ ਮਜ਼ਬੂਤ ਨੁਕਤੇ ਨੂੰ ਨਿਸ਼ਾਨਾਂ ਬਣਾਉਂਣਾ ਚਾਹੀਦਾ ਹੈ, ਇਸੇ ਲਈ ਅੰਬੇਦਕਰ ਸਾਹਿਬ ਦੇ ਕਹਿਣ ਅਨੁਸਾਰ ਇਸ ਕਿਤਾਬ ਵਿਚ ਦਲਿਤਾਂ ਦੇ ਮਜ਼ਬੂਤ ਨੁਕਤਿਆ ਨੂੰ ਉਭਾਰਿਆ ਗਿਆ ਹੈ। ਪ੍ਰੈਸ ਨਾਲ ਗੱਲਬਾਤ ਕਰਦਿਆ ਹੋਇਆ ਸ਼੍ਰੀ ਪਰਮਜੀਤ ਦੁਸਾਂਝ ਨੇ ਕਿਹਾ ਕਿ ਇਸ ਕਿਤਾਬ ਦਾ ਸਿਆਸੀ, ਧਾਰਮਿਕ, ਆਰਥਿਕ ਅਤੇ ਸਮਾਜਿਕ ੱਜੇਡਾ ਹੈ । ਕਈ ਉੱਤਰ ਲੱਭਣ ਲਈ ਮਾਨਵੀ ਇਤਿਹਾਸ ਵੱਲ ਜਾਣਾ ਪੈਂਦਾ ਹੈ। ਤੇ ਇਸ ਕਿਤਾਬ ਵਿਚ ਭਾਰਤੀ ਇਤਹਾਸ ਦੀ ਪੁਣ-ਸ਼ਾਣ ਕੀਤੀ ਗਈ ਹੈ।





ਇਸ ਨੂੰ ਪੰਜਾਬ ਦੇ ਚਿੰਤਕੀ ਹਲਕਿਆ ਵਿਚ ਅੰਗਰੇਜ਼ ਇਤਿਹਾਸਕਾਰ "Mark Juergensmeyer" ਦੀ ਕਿਤਾਬ "Religious Rebels in Punjab " ਦੇ ਮਿਆਰ ਦੀ ਕਿਹਾ ਜਾ ਰਿਹਾ ਹੈ । ਜਿਸ ਵਿਚ ਪੰਜਾਬ ਦੇ ਦਲਿਤਾ ਦੀ ਮੁਖਤਾ ਇਤਿਹਾਸਕਾਰੀ ਕੀਤੀ ਗਈ ਹੈ। ਉਸ ਕਿਤਾਬ ਤੋਂ ਬਾਅਦ ਇਸ ਨੂੰ ਹੀ ਉਸ ਨਮੂਨੇ ਦੀ ਕਿਹਾ ਜਾ ਰਿਹਾ ਹੈ," ਦੇ ਪੈਟਰਨ ਉੱਤੇ ਰੱਖਕੇ ਲਿਖਿਆ ਗਿਆ ਹੈ। ਜਿਸ ਵਿਚੋ ਪੰਜਾਬ ਦੀ ਦਲਿਤ ਇਤਹਾਸਕਾਰੀ ਦੀ ਵੀ ਸਾਫ਼ ਤੇ ਸ਼ਪੱਸ਼ਟ ਝਲਕ ਨਜ਼ਰ ਆਵੇਗੀ । ਉਹਨਾਂ ਅੱਗੇ ਕਿਹਾ ਕਿ ਭਾਰਤੀ ਦਲਿਤ ਵਿਚਾਰਧਾਰਾ ਦਾ ਵਿਕਾਸ ਇਕਸਾਰ ਨਹੀਂ ਹੈ । ਇਸੇ ਵਿਚਾਰਧਾਰਕ ਖੜੋਤ ਕਰਕੇ ਅਮਲ ਵਿਚ ਗੈਂਪ ਵੀ ਨਜ਼ਰ ਆਉਂਦਾ ਹੈ ਤੇ ਜੜ੍ਹਾ ਤੋਂ ਬਿਨਾਂ ਕੋਈ ਉਸਾਰ ਨਹੀਂ ਹੋ ਸਕਦਾ।

ਮੱਧਵਰਗੀ ਪੜ੍ਹੇ ਲਿਖੇ ਲੋਕਾਂ ਨੇ ਲਹਿਰਾਂ ਨੂੰ ਦਿਸ਼ਾ-ਨਿਰਦੇਸ਼ ਦੇਣੇ ਹੁੰਦੇ ਹਨ। ਜਾਤੀ ਤੇ ਵਿਅਕਤੀਗਤ ਕਾਰਨਾਂ ਕਰਕੇ ਲਹਿਰਾਂ ਦੇ ਨਤੀਜੇ ਵੀ ਕਈ ਵਾਰ ਉਲਾਰ ਹੀ ਰਹੇ ਹਨ । ਪੰਜਾਬੀ ਖਿਤੇ ਦਾ ਸਮਾਂ ਖੇਤੀ ਪ੍ਰਧਾਨ ਹੋਣ ਕਰਕੇ ਸਰੋਕਾਰ ਵੀ ਜਾਗੀਰੂ ਤੇ ਭਾਵੁਕ ਹਨ । ਕੇਵਲ ਤਰਕ ਸੰਗਤ ਪਹੁਚ ਨਾਲ ਹੀ ਅਗਾਂਹ ਤੁਰਿਆ ਜਾ ਸਕਦਾ ਹੈ । ਤੇ ਇਹ ਪੁਸਤਕ ਇਸੇ ਵਿਚਾਰਧਾਰਕ ਖੜੋਤ ਨੂੰ ਤੋੜ੍ਹਨ ਦਾ ਯਤਨ ਮਾਤਰ ਕਦਮ ਹੈ। ਦਲਿਤਾਂ ਦੇ ਵੱਖ-ਵੱਖ ਸਰੋਕਾਰਾਂ ਸੰਬਧੀ ਤਰਕਸੰਗਤ ਸੰਵਾਦ ਤੋਰਿਆ ਹੈ ਇਸ ਪੁਸਤਕ ਵਿਚ। ਪੜ੍ਹਨਯੋਗ ਅਤੇ ਸੰਭਾਲਣਯੋਗ ਦਸਤਾਵੇਜ਼ ਹੈ। ਉਹਨਾਂ ਕਿਹਾ ਕਿ ਮੈਨੂੰ ਆਸ ਹੈ ਕਿ ਪਾਠਕ ਇਸ ਨੂੰ ਪੜ੍ਹਕੇ ਭਾਰਤੀ ਜਾਤੀ-ਪਾਤੀ ਸਿਸਟਮ ਦੀ ਗੁਲਝਦਾਰ ਅਤੇ ਪੰਚੀਜਦਾ ਸਮੱਸਿਆਵਾ ਨੂੰ ਸਮਝਣ ਦੇ ਸਮਰੱਥ ਬਣਨਗੇ । ਇਸ ਪੁਸਤਕ ਦੇ ਪੰਨੇ 288 ਹਨ ਤੇ ਇਸ ਪਹਿਲਾ ਐਡੀਸ਼ਨ ਵਿਚ ਇਕ ਹਜ਼ਾਰ ਕਾਪੀ ਪ੍ਰਕਾਸ਼ਤ ਕਰਾਈ ਗਈ ਹੈ ਜਿਸ ਨੂੰ ਪ੍ਰਵਾਜ਼ ਪ੍ਰਕਾਸ਼ਨ ਜਲੰਧਰ ਵਾਲਿਆ ਨੇ ਪ੍ਰਕਾਸ਼ਤ ਕੀਤਾ ਹੈ । ਇਸ ਕਿਤਾਬ ਨੂੰ ਪੜ੍ਹਕੇ ਸਾਨੂੰ ਆਪਣੇ ਕੀਮਤੀ ਸੁਝਾਅ ਵੀ ਜਰੂਰ ਦੇਣ।

ਇਸ ਪੁਸਤਕ ਨੂੰ ਮਾਲੀ ਤੋਰ ਤੇ ਇਟਲੀ ਦੀ ਸਮਾਜਿਕ ਪਰਿਵਰਤਨ ਦਾ ਅੰਦੋਲਨ ਲੜ੍ਹ ਰਹੀ ਯੂਰਪ ਦੇ ਵੱਡੇ ਕੱਦ ਵਾਲੀ ਸੰਸਥਾ ਭਾਰਤ ਰਤਨ ਡਾ. ਬੀ.ਆਰ . ਅੰਬੇਦਕਰ ਵੈਲਫੇਅਰ ਐਸੋਸੀਏਸ਼ਨ ਇੰਨ ਇਟਲੀ ਨੇ ਦਿੱਤੀ ਹੈ। ਜਿਸ ਕਰਕੇ ਇਸ ਕਿਤਾਬ ਦਾ ਸਾਰਾ ਸਿਹਰਾ ਉਹਨਾਂ ਦੇ ਸਿਰ ਜਾਂਦਾ ਹੈ। ਇਸ ਕਿਤਾਬ ਨੂੰ ਪ੍ਰਾਪਤ ਕਰਨ ਲਈ ਸੰਸਥਾਂ ਦੇ ਪ੍ਰਮੁੱਖ ਅਹੁੰਦੇਦਾਰਾਂ ਸ਼੍ਰੀ ਗਿਆਨ ਚੰਦ ਸੂਦ, ਸ਼੍: ਸਰਬਜੀਤ ਸਿੰਘ ਵਿਰਕ ਅਤੇ ਸ਼੍ਰੀ ਲੇਖ ਰਾਜ ਜੱਖੂ ਨਾਲ ਉਹਨਾਂ ਦੇ ਫੂਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ । ਉਹਨਾਂ ਦੇ ਟੈਲੀਫੂਨ ਨੰਬਰ ਹਨ : 0039 3924591886, 0039 3285466215 । ਇਸ ਪੁਸਤਕ ਵਿਚ ਹੇਠ ਲਿਖੇ ਵਿਦਵਾਨਾਂ ਦੇ ਲੇਖ ਹਨ। ਜਿਹਨਾਂ ਨਾਲ ਸੰਵਾਦ ਰਚਾਇਆ ਗਿਆ ਹੈ।



(ਬੀ ਕੇ ਰੱਤੂ)




**ਜਨਮ ਦਿਨ ਮੁਬਾਰਕ**

ਗੁਰਸ਼ਰਨ ਸਿੰਘ (ਢੱਕ ਪੰਡੋਰੀ, ਫਗਵਾੜਾ)
ਪਿਤਾ - ਰਾਮ ਮੂਰਤੀ ਲਾਲੀ
ਮਾਤਾ - ਵਰਿੰਦਰ ਕੌਰ
ਪਤਾ - ਪਿੰਡ ਤੇ ਡਾਕਖਾਨਾ ਢੱਕ ਪੰਡੋਰੀ ਤਹਿਸੀਲ ਫਗਵਾੜਾ ਜਿਲ੍ਹਾ ਕਪੂਰਥਲਾ।

# ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ 'ਭਾਰਤ ਦੀਆਂ ਖੇਤਰੀ ਭਾਸ਼ਾਵਾਂ ਦਾ ਸੰਕਟ' ਵਿਸ਼ੇ ਤੇ ਇੱਕ ਰੋਜ਼ਾ ਸੈਮੀਨਾਰ




ਵਿਸ਼ਵ ਭਰ ਦੇ ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵਲੋਂ 'ਭਾਰਤ ਦੀਆਂ ਖੇਤਰੀ ਭਾਸ਼ਾਵਾਂ ਦਾ ਸੰਕਟ' ਵਿਸ਼ੇ ਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਇੱਕ ਰੋਜ਼ਾ ਸੈਨੀਨਾਰ ਕੀਤਾ ਗਿਆ। ਇਸ ਸੈਮੀਨਾਰ ਵਿਚ ਭਾਰਤ ਦੇ ਬੁੱਧੀਜੀਵੀਆਂ ਤੋਂ ਇਲਾਵਾ ਸੈਕੜੇ ਲੇਖਕਾਂ ਅਤੇ ਪੰਜਾਬੀ ਭਾਸ਼ਾ ਦੇ ਹਿਤੈਸ਼ੀਆਂ ਨੇ ਹਿੱਸਾ ਲਿਆ। ਸੈਮੀਨਾਰ ਵਿਚ ਮੁਖ ਮਹਿਮਾਨ ਸ਼੍ਰੀ ਕੰਵਰ ਸੰਧੂ ਕਾਰਜਕਾਰੀ ਸੰਪਾਦਕ ਟ੍ਰਿਬਿਊਨ ਗਰੁਪ, ਪ੍ਰਧਾਨਗੀ ਡਾ. ਐੱਸ. ਪੀ. ਸਿੰਘ ਸਾਬਕਾ ਵਾਇਸ ਚਾਂਸਲਰ ਗੁਰੁ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪ੍ਰਧਾਨਗੀ ਮੰਡਲ ਵਿਚ ਡਾ. ਸੁਖਦੇਵ ਸਿੰਘ, ਸ਼੍ਰੀ ਸਤਨਾਮ ਮਾਣਕ, ਅਤਰਜੀਤ ਕਹਾਣੀਕਾਰ, ਵਿਦਵਾਨ ਵਕਤਾ ਪ੍ਰੋਫੈਸਰ ਅਲੀ ਜਾਵੇਦ ਜਨਰਲ ਸਕੱਤਰ ਪ੍ਰਗਤੀਸ਼ੀਲ ਲੇਖਕ ਸੰਘ ਅਤੇ ਐਫਰੋ ਏਸ਼ੀਅਨ ਰਾਈਟਰਜ਼ ਯੂਨੀਅਨ ਦੇ ਪ੍ਰਧਾਨ ਅਤੇ ਡਾ. ਵੀਰ ਭਾਰਤ ਤਲਵਾਰ ਸਾਬਕਾ ਪ੍ਰੋਫੈਸਰ ਹਿੰਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਅਤੇ ਡਾ. ਜੋਗਿੰਦਰ ਸਿੰਘ ਪੁਆਰ ਸਾਬਕਾ ਵਾਇਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਸ਼ਾਮਿਲ ਸਨ। ਪ੍ਰੋਗ੍ਰਾਮ ਦੀ ਸ਼ੁਰੂਆਤ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ ਨੇ ਹਾਜ਼ਰ ਮਹਿਮਾਨਾਂ ਅਤੇ ਲੇਖਕਾਂ ਨੂੰ ਜੀ ਆਇਆਂ ਸ਼ਬਦ ਆਖਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸ਼ਾਨਾਮੱਤੀ ਇਤਿਹਾਸ ਬਾਰੇ ਸੰਖੇਪ ਤੁਆਰਫ਼ ਕਰਾਇਆ। ਡਾ. ਸੁਖਦੇਵ ਸਿੰਘ ਸਿਰਸਾ ਨੇ ਵਿਦਵਾਨ ਵਕਤਿਆਂ ਦੇ ਜੀਵਨ ਬਿਓਰੇ ਬਾਰੇ ਸਰੋਤਿਆਂ ਨਾਲ ਸਾਂਝ ਪੁਆਈ।

ਇਸ ਮੌਕੇ ਵਕਤਾ ਪ੍ਰੋ. ਅਲੀ ਜਾਵੇਦ ਨੇ ਕਿਹਾ ਕਿ ਭਾਸ਼ਾ ਦਾ ਧਰਮ ਨਾਲ ਕੋਈ ਸਬੰਧ ਨਹੀਂ ਹੁੰਦਾ। ਖੇਤਰੀ ਭਾਸ਼ਾਵਾਂ ਦਾ ਇੱਕ ਦੂਜੀ ਨਾਲ ਅਦਾਨ ਪ੍ਰਦਾਨ ਜਰੂਰ ਹੈ ਪਰ ਹਰ ਭਾਸ਼ਾ ਦਾ ਆਪਣਾ ਆਧਾਰ ਅਲੱਗ ਹੈ। ਰਾਜਨੀਤੀ ਨੇ ਖੇਤਰੀ ਭਾਸ਼ਾਵਾਂ ਦੇ ਵਿਕਸਤ ਹੋਣ ਵਿਚ ਵੱਡਾ ਰੋੜਾ ਖੜਾ ਕੀਤਾ ਹੈ। ਹੁਣੇ ਹੁਣੇ ਆਈ. ਏ.ਐੱਸ. ਦੇ ਇਮਤਿਹਾਨ ਸਬੰਧੀ ਦਿੱਲੀ ਵਿਚ ਹੋ ਰਹੇ ਵੱਡੇ ਪ੍ਰਦਰਸ਼ਨ ਇਸ ਦੀ ਪ੍ਰਤੱਖ ਮਿਸਾਲ ਹਨ।

ਅਗਲੇ ਵਕਤਾ ਡਾ. ਵੀਰ ਭਾਰਤ ਤਲਵਾਰ ਨੇ ਆਪਣੀ ਗੱਲ ਅੱਗੇ ਤੋਰਦਿਆਂ ਕਿ ਧਰਮ ਤੁਸੀਂ ਭਾਵੇਂ ਦਸ ਬਦਲ ਲਵੋ ਪਰ ਮਾਤ ਭਾਸ਼ਾ ਨੂੰ ਨਹੀਂ ਬਦਲਿਆ ਜਾ ਸਕਦਾ। ਉਹਨਾਂ ਕਿਹਾ ਕਿ ਇਸ ਸਮੇਂ ਸਭ ਤੋਂ ਵੱਧ ਖਤਰਾ ਆਦਿ ਵਾਸੀਆਂ ਦੀਆਂ ਭਾਸ਼ਾਵਾਂ ਨੂੰ ਹੈ।ਭਾਰਤ ਦੀਆਂ 9 ਆਦਿਵਾਸੀ ਭਾਸ਼ਾਵਾਂ ਖਤਮ ਹੋ ਚੁਕੀਆਂ ਹਨ ਅਤੇ 196 ਖੇਤਰੀ ਭਾਸ਼ਾਵਾਂ ਦ ਹੋਰ ਖਤਮ ਹੋਣ ਦਾ ਖਤਰਾ ਮੰਡਰਾ ਰਿਹਾ ਹੈ। ਹੁਣੇ ਹੁਣੇ 14 ਸਤੰਬਰ ਨੂੰ ਮਨਾਇਆ ਗਿਆ ਹਿੰਦੀ ਦਿਵਸ ਇੱਕ ਤਰ੍ਹਾਂ ਦਾ ਰਾਜਨੀਤਕ ਸਟੰਟ ਸੀ। ਇਹ ਦਿਵਸ ਭਾਰਤ ਦੇ ਸੰਵਿਧਾਨ ਵਿਚ ਦਰਜ 22 ਭਾਸ਼ਾਵਾਂ ਨੂੰ ਸਮਰਪਿਤ ਹੋਣਾ ਚਾਹੀਦਾ ਸੀ।

ਪੰਜਾਬੀ ਬਾਰੇ ਗੱਲ ਕਰਦਿਆਂ ਉਹਨਾਂ ਆਖਿਆ ਕਿ ਪੱਛਮੀ ਪ੍ਰਭਾਵ ਆਧਾਰਿਤ ਪੰਜਾਬ ਦਾ ਤੇਜੀ ਨਾਲ ਬਦਲ ਰਿਹਾ ਸਭਿਆਚਾਰ ਪੰਜਾਬੀ ਭਾਸ਼ਾ ਲਈ ਕਈ ਤਰ੍ਹਾ ਦੇ ਸੰਕਟ ਖੜੇ ਕਰੇਗਾ।

ਡਾ. ਜੋਗਿੰਦਰ ਪੁਆਰ ਨੇ ਪੰਜਾਬੀ ਭਾਸ਼ਾ ਬਾਰੇ ਬੋਲਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਇੱਕ ਕੌਮੀ ਭਾਸ਼ਾ ਵੀ ਹੈ ਅਤੇ ਰਾਜ ਭਾਸ਼ਾ ਵੀ। ਇਸ ਨੂੰ ਅੰਗਰੇਜੀ ਤੋਂ ਖਤਰੇ ਦੇ ਨਾਲ ਨਾਲ ਹਿੰਦੀ ਤੋਂ ਵੀ ਵੱਧ ਖਤਰਾ ਹੈ। ਇੱਥੇ 2008 ਵਾਲਾ ਪੰਜਾਬੀ ਭਾਸ਼ਾ ਐਕਟ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕਿਆ। ਉਹਨਾਂ ਕਿਹਾ ਕਿ ਸਰਕਾਰਾਂ ਨੂੰ ਆਪਣੀ ਜਿੰਮੇਵਾਰੀ ਸੁਹਿਰਦਤਾ ਨਾਲ ਨਿਭਾਉਣੀ ਚਾਹੀਦੀ ਹੈ। ਇਸ ਮੌਕੇ ਸਭਾ ਦੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਦੋ ਮਤੇ ਵੀ ਰੱਖੇ ਪਹਿਲਾ ਪਜਾਬ ਸਕੂਲ ਸਿਖਿਆ ਬੋਰਡ ਦੀਆਂ ਅੰਗਰੇਜ਼ੀ ਦੀਆਂ ਗਰਾਮਰਾਂ ਵਿਚ ਛੇਵੀਂ ਤੋਂ ਦਸਵੀਂ ਤੱਕ ਕੰਪੋਜ਼ੀਸ਼ਨਾਂ ਨਾਲ ਹਿੰਦੀ ਤੇ ਪੰਜਾਬੀ ਦੇਣ ਦੀ ਮੰਗ ਕੀਤੀ ਅਤੇ ਦੂਜਾ ਗ਼ੁਲਾਮ ਰਸੂਲ ਮੌਲਵੀ ਦੀ ਦਸੂਹਾ ਵਿਚ ਬਣੀ ਮਜ਼ਾਰ ਨੂੰ ਜਾਂਦਾ ਰਸਤਾ ਖੋਲ੍ਹਣ ਦੀ ਮੰਗ ਵੀ ਕੀਤੀ ਜਿਸਨੂੰ ਹਾਜ਼ਰ ਸਰੋਤਿਆਂ ਨੇ ਬਾਹਾਂ ਖੜੀਆਂ ਕਰਕੇ ਪਰਵਾਨ ਕੀਤਾ।ਅਜੀਤ ਅਖਬਾਰ ਦੇ ਪ੍ਰਤੀਨਿੱਧ ਸ. ਸਤਨਾਮ ਸਿੰਘ ਮਾਣਕ ਨੇ ਆਖਿਆ ਕਿ ਅੱਜ ਵੀ ਭਾਰਤ ਵਿਚ ਕਿਸੇ ਨਾ ਕਿਸੇ ਤਰ੍ਹਾਂ ਭਾਸ਼ਾਈ ਸਾਮਰਾਜਵਾਦ ਚੱਲ ਰਿਹਾ ਹੈ।ਜਦੋਂ ਤੱਕ ਸਿਖਿਆ ਅਤੇ ਪ੍ਰਸ਼ਾਸ਼ਨ ਲੋਕਾਂ ਨੂੰ ਲੋਕਾਂ ਦੀ ਜ਼ੁਬਾਨ ਵਿਚ ਨਹੀਂ ਦਿੱਤਾ ਜਾਂਦਾ ਤਦੋਂ ਤੱਕ ਹਿੰਦੋਸਤਾਨ ਨੂੰ ਪੂਰੀ ਤਰ੍ਹਾਂ ਆਜ਼ਾਦ ਨਹੀਂ ਸਮਝਿਆ ਜਾ ਸਕਦਾ। ਸੈਮੀਨਾਰ ਵਿਚ ਟ੍ਰਿਬਿਊਨ ਗਰੁੱਪ ਦੇ ਕਾਰਜਕਾਰੀ ਸੰਪਾਦਕ ਸ਼੍ਰੀ ਕੰਵਰ ਸਿੰਘ ਸੰਧੂ ਨੇ ਆਖਿਆ ਕਿ ਜੇਕਰ ਅੱਜ ਦੇ ਸੈਮੀਨਾਰ ਵਿਚ ਕਾਲਜਾਂ ਦੇ ਵਿਦਿਆਰਥੀ ਵੀ ਬੁਲਾਏ ਜਾਂਦੇ ਤਾਂ ਉਹਨਾਂ ਨੂੰ ਪੰਜਾਬੀ ਭਾਸ਼ਾ ਨੂੰ ਦਰਪੇਸ਼ ਆ ਰਹੀਆਂ ਅਸਲ ਮੁਸ਼ਕਲਾਂ ਬਾਰੇ ਜਾਣਕਾਰੀ ਪ੍ਰਾਪਤ ਹੋ ਜਾਣੀ ਸੀ। ਫਿਰ ਵੀ ਕੇਂਦਰੀ ਪੰਜਾਬੀ ਸਭਾ ਵਲੋਂ ਇਸ ਵਿਸ਼ੇ ਤੇ ਸੈਮੀਨਾਰ ਕਰਵਾ ਕੇ ਮਾਰਿਆ ਗਿਆ ਵੱਡਾ ਹੰਭਲਾ ਆਉਣ ਵਾਲੇ ਸਮੇਂ ਵਿਚ ਕਾਫੀ ਸਾਰਥਕ ਸਾਬਿਤ ਹੋਵੇਗਾ। ਉਹਨਾਂ ਕਿਹਾ ਕਿ ਪੰਜਾਬੀ ਗੀਤਾਂ ਅਤੇ ਫਿਲਮਾਂ ਨੇ ਵੀ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਚੰਗਾ ਯੋਗਦਾਨ ਪਾਇਆ ਹੈ। ਪਰ ਸਿਆਸੀ ਤੌਰ ਤੇ ਸਾਡੀ ਮਾਤ ਭਾਸਾ ਨੂੰ ਸਭ ਤੋਂ ਵੱਡੀ ਢਾਹ ਲੱਗ ਰਹੀ ਹੈ। ਸਾਨੂੰ ਆਪਣੀ ਮਾਨਸਿਕਤਾ ਅਜਿਹੀ ਬਣਾਉਣੀ ਚਾਹੀਦੀ ਹੈ ਕਿ ਅਸੀ ਪੰਜਾਬੀ ਨੂੰ ਬੋਲਣ, ਪੜ੍ਹਨ ਅਤੇ ਲਿਖਣ ਵਿਚ ਮਾਣ ਮਹਿਸੂਸ ਕਰੀਏ।

ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਐੱਸ. ਪੀ. ਸਿੰਘ ਦਾ ਕਹਿਣਾ ਸੀ ਕਿ ਭਾਰਤ ਦੀਆ ਸਾਰੀਆਂ ਖੇਤਰੀ ਭਾਸ਼ਾਵਾਂ ਦੀ ਇੱਕ ਸਾਂਝੀ ਕਾਨਫਰੰਸ ਹੋਣੀ ਚਾਹੀਦੀ ਹੈ ਚਾਹੇ ਇਹ ਇੱਕ ਤੋਂ ਵੱਧ ਦਿਨ ਕਿਉਂ ਨਾ ਚੱਲੇ। ਇਸ ਤਰ੍ਹਾਂ ਸਾਰੀਆਂ ਖੇਤਰੀ ਭਾਸ਼ਾਵਾਂ ਦੇ ਮਸਲੇ ਉੱਭਰ ਕੇ ਸਾਹਮਣੇ ਆਉਣਗੇ। ਸਾਨੂੰ ਆਪਣੀ ਮਾਤ ਭਾਸ਼ਾ ਬਾਰੇ ਹੋਣ ਸੰਜੀਦਾ ਹੋਣ ਦੀ ਲੋੜ ਹੈ। ਸਮਾਗਮ ਦੌਰਾਨ ਸਟੇਜ ਸਕੱਤਰ ਦੀ ਜਿੰਮੇਵਾਰੀ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਬਾਖੂਬੀ ਨਿਭਾਈ।ਅੰਤ ਵਿਚ ਕਹਾਣੀਕਾਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਿਨੀਅਰ ਮੀਤ ਪ੍ਰਧਾਨ ਅਤਰਜੀਤ ਨੇ ਆਏ ਲੇਖਕਾਂ ਅਤੇ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ।

**ਰਿਪੋਰਟ: ਡਾ. ਜਸਵੰਤ ਰਾਏ,**
**ਮੋਬਾਇਲ 09815825999**
**ਸਕੱਤਰ ਪੰਜਾਬੀ ਲੇਖਕ ਸਭਾ (ਰਜਿ.)**
**ਹੁਸ਼ਿਆਰਪੁਰ**

# ਮਰਹੂਮ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦਗਾਰ ਬਣਾਉਣ ਲਈ ਫਰਿਜ਼ਨੋ ਨਿਵਾਸੀਆਂ ਨੇ ਦਿੱਤਾ ਯੋਗਦਾਨ


**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ/ ਨੀਟਾ ਮਾਛੀਕੇ):** ਉਸਤਾਦ ਲਾਲ ਚੰਦ ਯਮਲਾ ਜੱਟ ਮੈਮੋਰੀਅਲ ਫਾਊਡੇਸ਼ਨ ਫਰਿਜ਼ਨੋ, ਕੈਲੀਫੋਰਨੀਆਂ ਦੇ ਸਮੂੰਹ ਮੈਂਬਰਾਂ ਨੇ ਆਪਣੀ ਵਿਸ਼ੇਸ਼ ਇਕੱਤਰਤਾ ਯਮਲਾ ਜੀ ਦੇ ਸਾਗਿਰਦ ਸ. ਰਾਜਿੰਦਰ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਮਰਹੂਮ ਗਾਇਕ ਅਤੇ ਤੂੰਬੀ ਦੇ ਬਾਦਸ਼ਾਹ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਚੌਧਵੇ ਯਾਦਗਾਰੀ ਮੇਲੇ 'ਤੇ ਪਹੁੰਚਣ ਲਈ ਉਨ੍ਹਾਂ ਦੇ ਪੁੱਤਰ ਜਸਦੇਵ ਯਮਲਾ ਜੀ ਦਾ ਧੰਨਵਾਦ ਕੀਤਾ ਗਿਆ। ਇਸ ਦੇ ਨਾਲ ਹੀ ਉਸਤਾਦ ਜੀ ਦੀਆਂ ਯਾਦਗਾਰੀ ਵਸਤਾਂ ਦੀ ਸੰਭਾਲ ਕਰਨ, ਉਨ੍ਹਾਂ ਦੇ ਲਿਖੇ ਗੀਤਾਂ ਨੂੰ ਸੁਰੱਖਿਅਤ ਰੱਖਣ ਅਤੇ ਜਿਸ ਡੇਰੇ ਵਿੱਚ ਉਹ ਬੈਠ ਆਪਣੇ ਸਾਗਿਰਦਾ ਨੂੰ ਸੰਗੀਤ ਸਿਖਿਆ ਦਿਆ ਕਰਦੇ ਸਨ, ਉਸ ਨੂੰ ਨਵੇਂ ਸਿਰੇ ਤੋਂ ਬਣਾਉਣ ਲਈ ਵਿਦੇਸਾਂ ਵਿੱਚੋ ਪਹਿਲ ਕਦਮੀ ਕਰਦੇ ਹੋਏ ਚਾਰ ਹਜ਼ਾਰ ਡਾਲਰ ਦੀ ਚੈੱਕ ਜਸਦੇਵ ਯਮਲਾ ਜੀ ਨੂੰ ਭੇਟ ਕਰਦੇ ਹੋਏ ਆਪਣੇ ਵੱਲੋਂ ਵਿਸ਼ੇਸ਼ ਯੋਗਦਾਨ ਪਇਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਆਮਰੀਕਾ ਆਉਣ ਲਈ ਆਈ ਹਵਾਈ ਟਿਕਟ ਦਾ ਖਰਚਾ ਸਤਾਰਾ ਸੌ ਡਾਲਰ ਦੀ ਚੈੱਕ ਵੀ ਦਿੱਤੀ ਗਈ। ਇਸ ਤਰ੍ਹਾਂ ਕੁਲ ਮਿਲਾ ਕੇ 5700 ਅਮਰੀਕੀ ਡਾਲਰ ਦੀ ਸਹਾਇਤਾ ਕੀਤੀ ਗਈ। ਇਸ ਸਮੇਂ ਵੱਖ-ਵੱਖ ਦੇਸਾਂ ਵਿੱਚ ਯਮਲਾ ਜੀ ਦੇ ਨਾਂ ਹੇਠ ਚਲ ਰਹੀਆਂ ਸਮੂੰਹ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਵੀ ਇਸ ਕਾਰਜ਼ ਵਿੱਚ ਆਪਣਾ ਯੋਗਦਾਨ ਪਾ ਕੇ ਯਾਦਗਾਰੀ ਡੇਰੇ ਨੂੰ ਮਿਊਜ਼ੀਅਮ ਬਣਾਉਣ ਵਿੱਚ ਸਹਾਇਤਾ ਕਰਨ। ਇਸ ਉਪਰੰਤ ਸਮੂੰਹ ਪ੍ਰਬੰਧਕ ਸਨਫਰਾਂਸ਼ਿਸ਼ਕੋ ਤੋਂ ਲਾਸ਼ ਏਜ਼ਲੈਸ਼ ਨੂੰ ਜਾਦੇ ਫਰੀਵੇ 99 ਉਪਰ ਯਮਲਾ ਜੀ ਦੀ ਯਾਦ ਵਿੱਚ ਲਾਏ ਯਾਦਗਾਰੀ ਬੋਰਡ ਅੁਪਰ ਸਰਧਾ ਦੇ ਫੁੱਲ ਭੇਟ ਕਰਨ ਲਈ ਗਏ। ਇਸ ਸਮੇਂ ਹਾਜ਼ਰ ਮੈਂਬਰਾਂ ਵਿੱਚ ਜਸਦੇਵ ਯਮਲੇ ਤੋਂ ਇਲਾਵਾ ਨੀਟਾ ਮਾਛੀਕੇ, ਅਵਤਾਰ ਸਿੰਘ ਢਿੱਲੋਂ, ਅਮਰਜੀਤ ਸਿੰਘ ਦੌਧਰ, ਰਾਜਿੰਦਰ ਬਰਾੜ, ਗੈਰੀ ਢੇਸੀ, ਮਾਸਟਰ ਦਰਬਾਰਾ ਸਿੰਘ ਧਾਲੀਵਾਲ, ਬਹਾਦਰ ਸਿੰਘ ਸਿੱਧੂ, ਅਵਤਾਰ ਸਿੰਘ ਗਰੇਵਾਲ, ਰਣਮੇਘ ਸਿੰਘ ਢੇਸੀ, ਬਲਰਾਜ ਸਿੰਘ ਬੈਂਸ, ਅਮਨਪ੍ਰੀਤ ਸਿੰਘ, ਮਨਵੀਰ ਸਿੰਘ, ਸੁਮੀਤ ਸਿੰਘ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।



# ਗੁਆਂਢੀ ਹੀ ਨਿਕਲਿਆ ਬੱਚੇ ਮਹਿਰਮ ਸੰਧੂ ਦਾ ਕਾਤਲ

ਮੁਹਾਲੀ- ਮੁਹਾਲੀ ਪੁਲੀਸ ਨੇ ਆਖਰਕਾਰ ਕਰੀਬ 21 ਦਿਨਾਂ ਦੀ ਜਦੋ ਜ਼ਹਿਦ ਬਾਅਦ ਇੱਥੋਂ ਦੇ ਫੇਜ਼-9 ਵਿੱਚ ਆਪਣੇ ਨਾਨਕੇ ਘਰ ਰਹਿੰਦੇ ਮਹਿਰਮ ਸਿੰਘ ਸੰਧੂ (6) ਦੇ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾਉਣ ਦਾ ਦਾਅਵਾ ਕਰਦਿਆਂ ਇਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਤੇਜਿੰਦਰ ਸਿੰਘ ਉਰਫ਼ ਗੰਜੂ ਮ੍ਰਿਤਕ ਬੱਚੇ ਦੇ ਗੁਆਂਢ ਵਿੱਚ ਹੀ ਰਹਿੰਦਾ ਸੀ। ਪੁਲੀਸ ਅਨੁਸਾਰ ਮੁਲਜ਼ਮ ਨੇ ਫਿਰੌਤੀ ਲੈਣ ਲਈ ਬੱਚੇ ਨੂੰ ਅਗਵਾ ਕੀਤਾ ਸੀ। ਰੌਲਾ ਪੈਣ ਕਾਰਨ ਉਸ ਨੇ ਡਰਦੇ ਮਾਰੇ ਘਟਨਾ ਤੋਂ ਕਰੀਬ ਅੱਧੇ-ਪੌਣੇ ਘੰਟੇ ਬਾਅਦ ਹੀ ਬੱਚੇ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਇਸ ਗੱਲ ਦਾ ਖੁਲਾਸਾ ਅੱਜ ਇੱਥੇ ਪਟਿਆਲਾ ਜ਼ੋਨ ਦੇ ਆਈ.ਜੀ. ਪਰਮਜੀਤ ਸਿੰਘ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਡੀ.ਆਈ.ਜੀ. ਰੂਪਨਗਰ ਆਰ. ਕੇ. ਜੈਸਵਾਲ ਤੇ ਐਸਐਸਪੀ ਇੰਦਰ ਮੋਹਨ ਸਿੰਘ ਭੱਟੀ ਵੀ ਮੌਜੂਦ ਸਨ। ਸ੍ਰੀ ਗਿੱਲ ਨੇ ਦੱਸਿਆ ਕਿ ਪੁਲੀਸ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਸੀ ਕਿ ਘਰ ਦੇ ਨੇੜੇ ਪਾਰਕ ਵਿੱਚ ਖੇਡਦਿਆਂ ਬੱਚੇ ਨੂੰ ਕੋਈ ਅਗਵਾ ਨਹੀਂ ਸੀ ਕਰ ਸਕਦਾ ਕਿਉਂਕਿ ਪਾਰਕ ਵਿੱਚ ਮੁਹੱਲੇ ਦੇ ਹੋਰ ਬੱਚੇ ਵੀ ਖੇਡ ਰਹੇ ਸੀ। ਬੱਚੇ ਨੂੰ ਕੋਈ ਜਾਣਕਾਰ ਹੀ ਆਪਣੇ ਨਾਲ ਲਿਜਾ ਸਕਦਾ ਹੈ। ਮੁਲਜ਼ਮ ਤੇਜਿੰਦਰ ਦੀ ਮ੍ਰਿਤਕ ਬੱਚੇ ਦੇ ਘਰਦਿਆਂ ਨਾਲ ਚੰਗੀ ਤਰ੍ਹਾਂ ਪਛਾਣ ਸੀ ਅਤੇ ਉਹ ਘਰੇ ਅਕਸਰ ਆਉਂਦਾ ਜਾਂਦਾ ਸੀ। ਉਨ੍ਹਾਂ ਦੱਸਿਆ ਕਿ ਹਾਲਾਂਕਿ ਪਹਿਲੇ ਹੀ ਦਿਨ ਤੋਂ ਇਹ ਮਾਮਲਾ ਬੜਾ ਪੇਚੀਦਾ ਹੁੰਦਾ ਜਾ ਰਿਹਾ ਸੀ ਪਰ ਪੁਲੀਸ ਨੇ ਵੱਖ-ਵੱਖ ਪਹਿਲੂਆਂ 'ਤੇ ਜਾਂਚ ਕਰਦਿਆਂ ਮੁਲਜ਼ਮਾਂ ਦੀ ਪੈੜ ਨੱਪਣੀ ਸ਼ੁਰੂ ਕਰ ਦਿੱਤੀ ਸੀ। ਇਸ ਸਬੰਧੀ ਐਸਐਸਪੀ ਇੰਦਰ ਮੋਹਨ ਸਿੰਘ ਭੱਟੀ ਤੇ ਐਸ.ਪੀ. (ਡੀ) ਗੁਰਸ਼ਰਨਦੀਪ ਸਿੰਘ ਗਰੇਵਾਲ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਨੇ ਇਸ ਅੰਨ੍ਹੇ ਕਤਲ ਕੇਸ ਨੂੰ ਸੁਲਝਾਉਂਦਿਆਂ ਅੱਜ ਮੁਲਜ਼ਮ ਤੇਜਿੰਦਰ ਸਿੰਘ ਉਰਫ਼ ਗੰਜੂ ਨੂੰ ਗ੍ਰਿਫ਼ਤਾਰ ਕਰ ਲਿਆ।

ਪੁੱਛ-ਗਿੱਛ ਦੌਰਾਨ ਮੁਲਜ਼ਮ ਨੇ ਮੰਨਿਆ ਕਿ ਪਹਿਲਾਂ ਉਸ ਨੇ ਮਹਿਰਮ ਨਾਲ ਚੰਗੀ ਜਾਣ-ਪਛਾਣ ਬਣਾਈ ਅਤੇ ਉਸ ਨੂੰ ਆਪਣੇ ਭਰੋਸੇ ਵਿੱਚ ਲਿਆ ਅਤੇ ਕਈ ਵਾਰ ਉਹ ਬੱਚੇ ਨੂੰ ਦੁਕਾਨ ਤੋਂ ਚਾਕਲੇਟ ਤੇ ਟਾਫ਼ੀਆਂ ਵਗੈਰਾ ਵੀ ਲੈ ਕੇ ਖੁਆ ਦਿੰਦਾ ਸੀ। ਬੀਤੀ 28 ਅਕਤੂਬਰ ਨੂੰ ਉਸ ਨੇ ਪਾਰਕ ਵਿੱਚ ਖੇਡ ਰਹੇ ਮਹਿਰਮ ਨੂੰ ਸ਼ਾਮੀ ਕਰੀਬ 6 ਵਜੇ ਮਾਰਕੀਟ 'ਚੋਂ ਚਾਕਲੇਟ ਦੁਆਈ ਅਤੇ ਫਿਰ ਉਸ ਨੂੰ ਵਰਗਲਾ ਕੇ ਆਪਣੇ ਨਾਲ ਲੈ ਗਿਆ। ਉਂਜ ਉਸ ਨੇ ਮਹਿਰਮ ਨੂੰ ਫਿਰੌਤੀ ਲੈਣ ਲਈ ਅਗਵਾ ਕੀਤਾ ਸੀ ਕਿਉਂਕਿ ਉਸ ਨੂੰ ਜਾਣਕਾਰੀ ਸੀ ਕਿ ਬੱਚੇ ਦੇ ਨਾਨਾ-ਨਾਨੀ ਨਵਾਂ ਮਕਾਨ ਲੈਣ ਲਈ ਯੋਜਨਾ ਬਣਾ ਰਹੇ ਹਨ।

ਸਪੈਸ਼ਲ ਅਮਰ ਤਿੱਲਾ
ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਰੰਟੀ ਸ਼ੁਦਾ ਇਲਾਜ ਲਈ ਰੋਗੀ ਮਿਲਣ ਜਾਂ ਫੋਨ-ਫੈਕਸ ਕਰਨ।
ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ
(ਸਫੈਦ ਪਾਣੀ ਲਕੋਰੀਆ)

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲ੍ਹਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਵੇਲੇ ਜਲਨ ਹੋਣਾ।
ਆਯੁਰਵੈਦਿਕ ਜੜੀਆਂ ਬੂਟੀਆਂ ਦਾ ਚਮਤਕਾਰ
ਅਮਰ ਕੈਰਸ ®
ਲਵੋ ਹਰ ਉਮਰ ਵਿੱਚ ਜਵਾਨੀ ਦਾ ਅਨੰਦ
ਜਵਾਨੀ ਵਿੱਚ ਬੁਢਾਪਾ ਮਹਿਸੂਸ ਹੋਣਾ, ਇੰਦਰੀ ਦਾ ਛੋਟਾਪਨ, ਨਸਾਂ ਦਾ ਢਿੱਲਾਪਣ, ਟੇਢਾਪਣ, ਨਾਮਰਦੀ, (ਸਮਾਂ ਘੱਟ ਲੱਗਣਾ) ਜਲਦੀ ਖਲਾਸ ਹੋਣਾ, ਧਾਤ, ਸੁਪਨਦੋਸ਼, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨ ਜਾਂ ਬਿਲਕੁਲ ਨਾ ਹੋਣ ਦਾ ਪੱਕਾ ਇਲਾਜ। ਬੁਢਾਪੇ ਵਿਚ ਜਵਾਨ ਬਣੋ।

ਵੈਦ ਅਮਰਜੀਤ ਅਮਰ
ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ।
ਸਾਡੀ ਦਵਾਈ ਨਾਲ ਕੋਈ ਬੁਰਾ ਅਸਰ (Side Effect) ਨਹੀਂ ਹੁੰਦਾ।
ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।
ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਦੁਕਾਨ ਨੰ. 10, ਪ੍ਰੇਮ ਮਾਰਕੀਟ, ਗੋਲ ਮਾਰਕੀਟ ਤੋਂ ਪਹਿਲਾਂ ਚੌਕ 'ਚ ਭੈਰੋਂਆਂ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com
ਤੁਰੰਤ ਪੁੱਛਣ ਲਈ
98140-29888
98763-39888

ਦੇਸ਼ ਦੁਆਬਾ

# ਬਦਲ ਰਹੀ ਹੈ ਪੰਜਾਬ ਦੀ ਰਾਜਨੀਤੀ

ਪਿਛਲੇ ਕੁਝ ਸਮੇਂ ਤੋਂ ਪੰਜਾਬ ਦੀ ਰਾਜਨੀਤੀ ਵਿਚ ਅਚਾਨਕ ਤਬਦੀਲੀ ਨਜ਼ਰ ਆ ਰਹੀ ਹੈ। ਛੇ ਮਹੀਨੇ ਪਹਿਲਾਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਬਣਨ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੇ ਹੌਸਲੇ ਬੁਲੰਦ ਹੋ ਗਏ ਹਨ ਅਤੇ ਇਸ ਪਾਰਟੀ ਨੇ ਹੁਣ ਸਾਰੇ ਭਾਰਤ ਵਿਚ ਕਾਂਗਰਸ ਅਤੇ ਬਾਕੀ ਪਾਰਟੀਆਂ ਨੂੰ ਖੂੰਜੇ ਲਗਾ ਕੇ ਨਿਰੋਲ ਭਾਜਪਾਈ ਸਰਕਾਰਾਂ ਬਣਾਉਣ ਦੀਆਂ ਕੋਸ਼ਿਸ਼ ਆਰੰਭ ਕਰ ਦਿੱਤੀ ਹੈ। ਮਹਾਰਾਸ਼ਟਰ ਵਿਚ ਭਾਜਪਾ ਨੇ ਆਪਣੀ ਪੱਕੀ ਸਹਿਯੋਗੀ ਸ਼ਿਵ ਸੈਨਾ ਤੋਂ ਕਿਨਾਰਾ ਕਰ ਲਿਆ ਅਤੇ ਬਿਹਾਰ ਵਿਚ ਜਨਤਾ ਦਲ ਯੂਨਾਈਟਿਡ ਨੂੰ ਪਛਾੜ ਦਿੱਤਾ। ਹੁਣ ਪੰਜਾਬ ਵਿਚ ਅਕਾਲੀ ਦਲ ਹੀ ਅਜਿਹੀ ਪਾਰਟੀ ਰਹਿ ਗਈ ਹੈ, ਜਿਸ ਦਾ ਭਾਜਪਾ ਨਾਲ ਨਿਰਵਿਵਾਦ ਗੱਠਜੋੜ ਸੀ, ਪਰ ਭਾਜਪਾ ਦੇ ਬਦਲੇ ਤੇਵਰਾਂ ਦੇ ਕਾਰਨ ਇਸ ਗੱਠਜੋੜ ਤੇ ਵੀ ਸਵਾਲੀਆ ਨਿਸ਼ਾਨ ਲੱਗਣੇ ਆਰੰਭ ਹੋ ਗਏ ਹਨ। ਅਕਾਲੀ ਦਲ ਅਤੇ ਭਾਜਪਾ ਦੀ ਇਸ ਕਸ਼ਮਕਸ਼ ਦਰਮਿਆਨ ਅਕਾਲੀ ਦਲ ਦੇ ਕੋਲ ਫਿਰ ਦੁਬਾਰਾ ਆਪਣੀ ਪੁਰਾਣੀ ਸਹਿਯੋਗੀ ਪਾਰਟੀ ਬਸਪਾ ਨਾਲ ਗੱਠਜੋੜ ਦੀਆਂ ਸੰਭਾਵਨਾਵਾਂ ਤਲਾਸ਼ਣ ਤੋਂ ਇਲਾਵਾ ਕੋਈ ਚਾਰਾ ਨਜ਼ਰ ਨਹੀਂ ਆ ਰਿਹਾ ਲੱਗਦਾ। ਬਸਪਾ ਦਾ ਪੰਜਾਬ ਵਿਚ 4 ਤੋਂ 5 ਫੀਸਦੀ ਆਧਾਰ ਹਾਲੇ ਵੀ ਕਾਇਮ ਹੈ ਅਤੇ ਇਸ ਆਧਾਰ ਦੇ ਬਲਬੂਤੇ ਅਕਾਲੀ ਦਲ ਕਾਫੀ ਸੀਟਾਂ ਤੇ ਆਪਣੀ ਸਥਿਤੀ ਮਜ਼ਬੂਤ ਕਰ ਸਕਦਾ ਹੈ। ਪੰਜਾਬ ਦੇ ਦੁਆਬੇ ਇਲਾਕੇ ਵਿਚ ਬੇਸ਼ੱਕ ਭਾਜਪਾ ਨੇ ਦਲਿਤ ਪੱਤਾ ਸੁੱਟਣ ਲਈ ਹੁਸ਼ਿਆਰਪੁਰ ਤੋਂ ਪਹਿਲੀ ਵਾਰ ਸਾਂਸਦ ਬਣੇ ਸ੍ਰੀ ਵਿਜੇ ਸਾਂਪਲਾ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਹੈ, ਪਰ ਇਸ ਨਾਲ ਠੋਸ ਬਸਪਾ ਦਾ ਆਧਾਰ ਘਟਣ ਦੀ ਸੰਭਾਵਨਾ ਨਹੀਂ, ਕਿਉਂਕਿ ਸ੍ਰੀ ਸਾਂਪਲਾ ਸ਼ੁਰੂ ਤੋਂ ਹੀ ਭਾਜਪਾ ਵਿਚ ਹੀ ਰਹੇ ਹਨ। ਬਸਪਾ ਦਾ ਦੁਆਬੇ ਵਿਚ ਕਾਫੀ ਮਜ਼ਬੂਤ ਆਧਾਰ ਹੈ ਅਤੇ ਅਕਾਲੀ ਦਲ ਵੀ ਦੁਆਬੇ ਵਿਚੋਂ ਹੀ ਦੋ ਵਾਰ ਸਭ ਤੋਂ ਜ਼ਿਆਦਾ ਸੀਟਾਂ ਲੈ ਕੇ ਸੱਤਾ ਵਿਚ ਆਇਆ ਹੈ।

ਇਸ ਵਾਰ ਹਾਲਾਤ ਜੇਕਰ ਬਦਲਦੇ ਹਨ ਤਾਂ ਅਕਾਲੀ ਦਲ ਬਸਪਾ ਨਾਲ ਦੁਬਾਰਾ ਸਾਂਝ ਲਈ ਤਿਆਰ ਹੋ ਸਕਦਾ ਹੈ। ਬਸਪਾ ਦੇ ਲਈ ਵੀ ਇਹ ਢੁਕਵਾਂ ਮੌਕਾ ਹੈ। ਯਾਦ ਰਹੇ ਬਸਪਾ ਦੇ ਰਾਜਨੀਤੀ ਵਿਚ ਆਉਣ ਸਮੇਂ 9 ਐਮ ਐਲ ਏ ਜਿਤਾਏ, ਫਿਰ 1 ਰਹਿ ਗਿਆ ਤੇ ਫਿਰ 1 ਵੀ ਨਹੀਂ ਰਿਹਾ। ਪਿਛਲੇ ਕਈ ਸਾਲਾਂ ਤੋਂ ਬਸਪਾ ਇਕੱਲਿਆ ਚੋਣ ਲੜਦੀ ਆ ਰਹੀ ਹੈ ਪਰ ਬਸਪਾ ਨੂੰ ਕੋਈ ਸੀਟ ਤਾਂ ਮਿਲੀ ਨਹੀਂ ਪਰ ਵੋਟ ਦਾ ਆਧਾਰ ਰਿਹਾ। ਬਸਪਾ ਜਦੋਂ ਅਕਾਲੀ ਦਲ ਦੇ ਨਾਲ ਮਿਲ ਕੇ ਚੋਣ ਲੜਦੀ ਸੀ ਤਾਂ ਵਰਣਨਯੋਗ ਪ੍ਰਾਪਤੀ ਸਾਹਮਣੇ ਆਉਂਦੀ ਰਹੀ ਹੈ। ਇਸ ਵਾਰ ਵੀ ਬਸਪਾ ਨੂੰ ਕੁਝ ਚੋਣਵੀਆਂ ਸੀਟਾਂ ਤੇ ਚੋਣ ਲੜਨੀ ਚਾਹੀਦੀ ਹੈ ਅਤੇ ਸਾਰਾ ਧਿਆਨ ਉਹਨਾਂ ਸੀਟਾਂ ਤੇ ਕੇਂਦਰਿਤ ਕਰਨਾ ਚਾਹੀਦਾ ਹੈ। ਭਾਰਤ ਦੀ ਰਾਜਨੀਤੀ ਵਿਚ ਜੋੜ-ਤੋੜ ਹੁਣ ਆਮ ਗੱਲ ਹੋ ਗਈ ਹੈ ਅਤੇ ਬਸਪਾ ਆਪਣੇ ਬਲਬੂਤੇ ਜੇਕਰ ਇਸੇ ਤਰ੍ਹਾਂ ਚੋਣ ਲੜਦੀ ਅਤੇ ਅਸਫਲਤਾ ਪ੍ਰਾਪਤ ਕਰਦੀ ਰਹਿੰਦੀ ਹੈ ਤਾਂ ਵਰਕਰਾਂ ਵਿਚ ਨਿਰਾਸ਼ਾ ਫੈਲਦੀ ਹੈ। ਇਸ ਕਰਕੇ ਪੰਜਾਬ ਦੇ ਬਦਲਦੇ ਹਾਲਾਤਾਂ ਦੇ ਮੱਦੇਨਜ਼ਰ ਬਸਪਾ ਨੂੰ ਵੀ ਸਮੇਂ ਦੀ ਰਾਜਨੀਤੀ ਦਾ ਹਾਣੀ ਬਣਨਾ ਹੋਵੇਗਾ।



**– ਤਰਸੇਮ ਜਲੰਧਰੀ (ਸੰਪਾਦਕ)**

# ਗੈਰ ਬਰਾਬਰੀ ਦੀ ਸਿੱਖਿਆ: ਇਕ ਸਰਵੇਖਣ

**ਨਿਰਮਲ 'ਪ੍ਰੇਮੀ' ਰਾਮਗੜ੍ਹ**
**94631-61691**

ਇਹ ਕੋਰੀ ਸਚਾਈ ਹੈ ਕਿ ਗਰੀਬ ਲੋਕਾਂ ਤੋਂ ਸਿੱਖਿਆ ਅੱਜ ਵੀ ਉਨੀ ਹੀ ਦੂਰ ਹੈ, ਜਿੰਨੀ ਕਿ ਆਜ਼ਾਦੀ ਤੋਂ ਪਹਿਲਾਂ ਸੀ। ਜੇਕਰ ਕੋਈ ਸਾਖਰ ਬਣ ਵੀ ਗਿਆ ਹੈ ਤਾਂ ਉਹ ਟੇਢੇ-ਮੇਢੇ ਅੱਖਰ ਬਣਾ ਕੇ ਆਪਣਾ ਨਾਂ ਲਿਖਣ ਤੱਕ ਹੀ ਸੀਮਤ ਹੈ। ਸਾਖਰਾਂ ਦੀ ਵੱਡੀ ਸੰਖਿਆ ਅਜੇ ਵੀ 'ਅੰਗੂਠਾ ਛਾਪ' ਹੀ ਹੈ।

ਸੰਵਿਧਾਨ ਦੀ ਧਾਰਾ 45 ਵਿਚ 14 ਸਾਲ ਦੀ ਉਮਰ ਤੱਕ ਦੇ ਹਰੇਕ ਬੱਚੇ ਨੂੰ ਮੁਫ਼ਤ ਮੁੱਢਲੀ ਸਿੱਖਿਆ ਮੁਹੱਈਆ ਕਰਾਉਣ ਦੀ ਗੱਲ ਸੀ, ਇਸ ਨੂੰ ਵੀ ਸਰਕਾਰ ਪੂਰਾ ਨਹੀਂ ਕਰ ਪਾ ਰਹੀ ਹੈ। ਪਹਿਲਾਂ ਇਹ ਹੱਦ 1960 ਤੱਕ ਮਿੱਥੀ ਗਈ ਸੀ। ਇਹ ਪ੍ਰੋਗਰਾਮ ਅਜੇ ਤੱਕ ਸਫਲ ਨਹੀਂ ਹੋ ਸਕਿਆ, ਜਦਕਿ ਆਏ ਦਿਨ ਕਿਸੇ ਨਾ ਕਿਸੇ ਘਪਲੇ ਵਿਚ ਕਰੋੜਾਂ ਰੁਪਇਆਂ ਦਾ ਘੁਟਾਲਿਆਂ ਦਾ ਖੁਲਾਸਾ ਹੁੰਦਾ ਰਿਹਾ ਹੈ। ਹਰੇਕ ਸਾਲ ਸਰਕਾਰ ਪੂਰਨ ਸਾਖਰਤਾ, ਪ੍ਰੌਢ ਸਿੱਖਿਆ ਅਤੇ ਆਂਗਨਵਾੜੀ ਰਾਹੀਂ ਲੋਕਾਂ ਨੂੰ ਸਾਖਰ ਬਣਾਉਣ ਦਾ ਵੇਰਵਾ ਦੇਖ ਕੇ ਢੋਲ ਪਿੱਟਦੀ ਰਹਿੰਦੀ ਹੈ।

ਬੁਨਿਆਦੀ ਸਿੱਖਿਆ ਤੇ ਵਿਸ਼ਵ ਬੈਂਕ ਸਾਹਿਤ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਕਰੋੜਾਂ ਰੁਪਏ ਖਰਚ ਕਰਕੇ ਯੋਜਨਾਵਾਂ ਬਣਾਉਂਦੀਆਂ ਹਨ। ਪਰ ਪ੍ਰਸ਼ਾਸਨਿਕ ਹਾਲਾਤ ਦੇ ਕਾਰਨ ਸਾਰੀਆਂ ਯੋਜਨਾਵਾਂ ਠੱਪ ਹੋ ਜਾਂਦੀਆਂ ਹਨ। ਆਏ ਦਿਨ ਸਕੂਲਾਂ ਵਿਚ ਮਾਸਟਰਾਂ ਰਾਹੀਂ ਵਿਦਿਆਰਥੀਆਂ ਨਾਲ ਮਾੜੇ ਸਲੂਕ ਦੀਆਂ ਖਬਰਾਂ ਪੜ੍ਹਨ ਨੂੰ ਮਿਲਦੀਆਂ ਹਨ। ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਹੈ। ਜਿੱਥੇ ਅਧਿਆਪਕ ਹਨ ਵੀ ਤਾਂ ਉਹਨਾਂ ਨੂੰ ਸਿਲੇਬਸ ਦਾ ਪੂਰਾ ਗਿਆਨ ਨਹੀਂ ਹੈ। ਰਾਸ਼ਟਰੀ ਅਧਿਆਪਕ ਪ੍ਰੀਸ਼ਦ ਦੇ ਅਨੁਸਾਰ ਦੇਸ਼ ਦੇ 44 ਲੱਖ ਅਧਿਆਪਕਾਂ 'ਚੋਂ ਬਹੁਤਿਆਂ ਨੂੰ, ਕੀ ਪੜ੍ਹਾਈਏ, ਕਿਵੇਂ ਪੜ੍ਹਾਈਏ ਦਾ ਗਿਆਨ ਨਹੀਂ ਹੈ।

ਅਧਿਆਪਕ ਸਿਖਲਾਈ ਸਿਲੇਬਸ ਸਰੰਚਨਾ ਵਿਚ ਕਿਹਾ ਗਿਆ ਹੈ ਕਿ 40 ਪ੍ਰਤੀਸ਼ਤ ਨਾਲੋਂ ਵੱਧ ਮੁੱਢਲੇ ਅਧਿਆਪਕਾਂ ਨੂੰ ਸੇਵਾ ਦੇ ਦੌਰਾਨ ਕੋਈ ਸਿਖਲਾਈ ਨਹੀਂ ਦਿੱਤੀ ਜਾਂਦੀ।

ਪਿਛਲੇ ਦਿਨੀਂ ਦੇਸ਼ ਵਿਚ ਮੁੱਢਲੀ ਸਿੱਖਿਆ ਦੀ ਸਥਿਤੀ ਨੂੰ ਲੈ ਕੇ ਰਾਜ ਸਭਾ ਵਿਚ ਚਿੰਤਾ ਪ੍ਰਗਟ ਕੀਤੀ ਗਈ ਸੀ ਕਿ ਦੇਸ਼ ਵਿਚ ਲੱਖਾਂ ਬੱਚੇ ਮੁੱਢਲੀ ਸਿੱਖਿਆ ਤੋਂ ਵਾਂਝੇ ਹਨ। ਸਭਨਾਂ ਨੂੰ ਸਿੱਖਿਆ ਦਾ ਜੋ ਟੀਚਾ ਹੈ, ਉਹ ਪੂਰਾ ਨਹੀਂ ਹੋ ਸਕੇਗਾ। ਪ੍ਰਾਇਮਰੀ ਸਕੂਲਾਂ ਨੂੰ ਮਿਲਣ ਵਾਲੇ ਫੰਡ ਐਨੇ ਘੱਟ ਹੁੰਦੇ ਹਨ ਕਿ ਉਹਨਾਂ ਦਾ ਬਹੁਤਾ ਹਿੱਸਾ ਅਧਿਆਪਕਾਂ ਦੀਆਂ ਤਨਖ਼ਾਹਾਂ ਤੇ ਹੋਰਨਾਂ ਪ੍ਰਸ਼ਾਸਨਿਕ ਕੰਮਾਂ ਵਿਚ ਚਲਾ ਜਾਂਦਾ ਹੈ। ਇਸ ਨਾਲ ਬਿਜਲੀ, ਪਾਣੀ, ਬਲੈਕ ਬੋਰਡ, ਬਾਥਰੂਮ ਜਿਹੀਆਂ ਜ਼ਰੂਰੀ ਸਹੂਲਤਾਂ ਤੋਂ ਸਕੂਲ ਵਾਂਝੇ ਰਹਿ ਜਾਂਦੇ ਹਨ।

ਇਕ ਸਰਕਾਰੀ ਰਿਪੋਰਟ ਦੇ ਅਨੁਸਾਰ ਦੇਸ਼ ਦੇ 1287 ਪ੍ਰਾਇਮਰੀ ਸਕੂਲਾਂ ਵਿਚ ਅਧਿਆਪਕ ਨਹੀਂ ਹਨ। ਲੱਗਭੱਗ 70 ਪ੍ਰਤੀਸ਼ਤ ਵਿਦਿਆਰਥੀ ਆਪਣੀ ਪੜ੍ਹਾਈ ਪੂਰੀ ਨਹੀਂ ਕਰ ਪਾਉਂਦੇ।

ਦੋਹਰੀ ਸਿੱਖਿਆ ਨੀਤੀ ਦੇ ਚਲਦਿਆਂ ਦੇਸ਼ ਭਰ ਵਿਚ ਜਿੰਨੇ ਤਰ੍ਹਾਂ ਦੇ ਸਕੂਲ ਹਨ, ਉਹਨਾਂ ਦੇ ਉਨੇ ਹੀ ਸਿਲੇਬਸ ਪੜ੍ਹਾਏ ਜਾਂਦੇ ਹਨ। ਨਗਰ ਨਿਗਮ ਦੇ ਸਕੂਲ ਵਿਚ ਇਕ ਤਰ੍ਹਾਂ ਦਾ ਸਿਲੇਬਸ, ਕੇਂਦਰੀ ਸਕੂਲ ਵਿਚ ਤੀਸਰਾ ਹੁੰਦਾ ਹੈ। ਕੁਝ ਮਾਡਲ ਸਕੂਲਾਂ ਨੂੰ ਛੱਡ ਕੇ ਜ਼ਿਆਦਾਤਰ ਨਗਰ ਨਿਗਮ ਦੇ ਸਕੂਲਾਂ ਵਿਚ ਅੰਗਰੇਜ਼ੀ ਦਾ ਅਧਿਐਨ ਨਹੀਂ ਕਰਵਾਇਆ ਜਾਂਦਾ, ਜਦਕਿ ਨਿੱਜੀ ਸਕੂਲਾਂ ਵਿਚ ਅੰਗਰੇਜ਼ੀ ਦਾ ਅਧਿਐਨ ਪਹਿਲੀ ਜਮਾਤ ਤੋਂ ਸ਼ੁਰੂ ਹੋ ਜਾਂਦਾ ਹੈ।

ਕੇਂਦਰ ਸਰਕਾਰ, ਰਾਜ ਸਰਕਾਰ ਤੇ ਅੰਗਰੇਜ਼ੀ ਮਾਧਿਅਮ ਦੇ ਸਕੂਲਾਂ ਵਿਚ ਵੱਖ-ਵੱਖ ਤਰ੍ਹਾਂ ਦੇ ਸਿਲੇਬਸ ਪੜ੍ਹਾਏ ਜਾਂਦੇ ਹਨ। ਰੁਜ਼ਗਾਰ ਪਾਉਣ ਦੇ ਲਈ ਪ੍ਰਤੀਯੋਗਤਾ ਵਿਚ ਬੈਠਣ 'ਤੇ ਨਗਰ ਨਿਗਮ ਵਿਚ ਪੜ੍ਹੇ ਬੱਚੇ ਨੂੰ ਅੰਗਰੇਜ਼ੀ ਮਾਧਿਅਮ ਦੇ ਬੱਚੇ ਦੀ ਬਰਾਬਰੀ ਕਰਨੀ ਪੈਂਦੀ ਹੈ, ਜਿਸ ਤੋਂ ਉਹ ਅਕਸਰ ਪਿੱਛੇ ਰਹਿ ਜਾਂਦੇ ਹਨ। ਅੰਗਰੇਜ਼ੀ ਮਾਧਿਅਮ ਨਾਲ ਪੜ੍ਹਨ ਵਾਲੇ ਬੱਚੇ ਜ਼ਿਆਦਾਤਰ ਅੱਗੇ ਨਿਕਲ ਜਾਂਦੇ ਹਨ। ਸਿੱਖਿਆ ਦੀ ਦੋਹਰੀ ਨੀਤੀ ਵੀ ਬੱਚਿਆਂ ਨੂੰ ਇਕ-ਦੂਜੇ ਨਾਲੋਂ ਅੱਡ ਸਿੱਖਿਆ ਪ੍ਰਾਪਤ ਕਰਨ ਨੂੰ ਮਜਬੂਰ ਕਰਦੀ ਹੈ, ਜਿਸ ਦੇ ਕਾਰਨ ਬੱਚਿਆਂ ਵਿਚ ਇਕ-ਦੂਜੇ ਦੇ ਪ੍ਰਤੀ ਹੀਣ ਭਾਵਨਾ ਪੈਦਾ ਹੁੰਦੀ ਹੈ। ਸਰਕਾਰੀ ਸਕੂਲਾਂ ਵਿਚ ਸਿੱਖਿਆ ਦਾ ਪੱਧਰ ਕਾਫੀ ਥੱਲੇ ਆ ਗਿਆ ਹੈ।

ਵਰਤਮਾਨ ਸਿੱਖਿਆ ਪ੍ਰਣਾਲੀ ਵਿਚ ਹੋਰ ਵੀ ਅਨੇਕਾਂ ਘਾਟਾਂ ਸਾਹਮਣੇ ਆਈਆਂ ਹਨ। ਕੁਝ ਸਿੱਖਿਆ ਸੰਸਥਾਵਾਂ ਆਪਣੇ ਆਪਣੇ ਸਕੂਲਾਂ ਦੇ ਵਿਦਿਆਰਥੀ ਅਤੇ ਵਿਦਿਆਰਥਣਾਂ ਰਾਹੀਂ ਗਲੀ-ਮੁਹੱਲੇ ਤੋਂ ਭਵਨ ਨਿਰਮਾਣ ਅਤੇ ਦੂਜੇ ਕੰਮਾਂ ਦੇ ਬਹਾਨੇ ਚੰਦਾ ਇਕੱਠਾ ਕਰਵਾਉਂਦੇ ਹਨ। ਦਲਿਤ ਵਿਦਿਆਰਥੀਆਂ ਦੀ ਨਿੱਕੀ ਜਿਹੀ ਗਲਤੀ ਤੇ ਉਹਨਾਂ ਨੂੰ ਸਖਤ ਸਜ਼ਾ ਦੇਣਾ, ਉਹਨਾਂ ਨਾਲ ਭੈੜਾ ਸਲੂਕ ਕਰਨਾ, ਸਕੂਲ 'ਚੋਂ ਕੱਢ ਦੇਣਾ ਅਤੇ ਪੱਛੜੀ ਜਾਤੀ ਦੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨਾਲ ਭੇਦਭਾਵ ਕਰਕੇ ਉਹਨਾਂ ਵਿਚ ਹੀਣ ਭਾਵਨਾ ਪੈਦਾ ਕਰਨ ਦੇ ਮਾਮਲੇ ਵੀ ਸਾਹਮਣੇ ਆਉਂਦੇ ਰਹੇ ਹਨ। ਜਿਸ ਪ੍ਰਕਾਰ ਇਮਾਰਤ ਨੂੰ ਬਣਾਉਂਦੇ ਸਮੇਂ ਉਸ ਦੀ ਨੀਂਹ 'ਤੇ ਖਾਸ ਧਿਆਨ ਦਿੱਤਾ ਜਾਂਦਾ ਹੈ, ਇਹੋ ਜਿਹਾ ਹੀ ਵਿਚਾਰ ਮੁੱਢਲੀ ਸਿੱਖਿਆ ਦੇ ਪ੍ਰਤੀ ਵੀ ਹੋਵੇਗਾ, ਤਦ ਹੀ ਸਿੱਖਿਆ ਰੂਪੀ ਮੁੱਢਲੀ ਨੀਂਹ ਪੱਕੀ ਹੋਵੇਗੀ।

ਬਸਤਿਆਂ ਦਾ ਬੋਝ ਘਟਾਉਣ ਅਤੇ ਸਿੱਖਿਆ ਵਿਚ ਗੁਣਾਤਮਕ ਸੁਧਾਰ ਦੇ ਮਕਸਦ ਨਾਲ ਮੱਧ ਪ੍ਰਦੇਸ਼ ਦੇ ਸੋਲਾਂ ਜ਼ਿਲ੍ਹਿਆਂ ਵਿਚ ਜੁਲਾਈ ਤੋਂ ਸ਼ੁਰੂ ਹੋਣ ਵਾਲੇ ਸਿੱਖਿਆ ਸੈਸ਼ਨ ਤੋਂ ਸਿੱਖਣ-ਸਿਖਾਉਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਜਿਸ ਵਿਚ ਮੁਢਲੀ ਸਿੱਖਿਆ ਦਾ ਨਵਾਂ ਲੈਸਨ ਬਣਾਇਆ ਗਿਆ ਹੈ। ਇਹ ਸਿੱਖਿਆ ਨੂੰ ਰੋਚਕ ਅਤੇ ਖਿੱਚ ਭਰਪੂਰ ਬਣਾਉਣ ਦਾ ਵਿਲੱਖਣ ਯਤਨ ਹੈ। ਇਸ ਦੇ ਲਈ ਅਧਿਆਪਕਾਂ, ਨਿੱਜੀ ਸੰਸਥਾਵਾਂ, ਸਮਾਜਿਕ ਕਾਰਜਕਰਤਾਵਾਂ ਅਤੇ ਵਿਦਿਆਰਥੀਆਂ ਦੀ ਭਾਗੀਦਾਰੀ ਰਾਹੀਂ ਇਸ ਦੇ ਤਹਿਤ ਬੱਚਿਆਂ ਦੇ ਲਈ ਸਾਰੀ ਸਿੱਖਿਆ ਸਮੱਗਰੀ ਯੂਨੀਵਰਸਿਟੀਆਂ ਵਿਚ ਮੌਜੂਦ ਰਹੇਗੀ। ਕੇਵਲ ਇਕ ਹੀ ਕਿਤਾਬ ਵਿਦਿਆਰਥੀ ਦੇ ਕੋਲ ਰਹੇਗੀ। ਕਿਹਾ ਗਿਆ ਹੈ ਕਿ ਇਸ ਵਿਚ ਸਿੱਖਿਆ ਦਾ ਵਿੱਤੀ ਬੋਝ ਹਲਕਾ ਹੋਵੇਗਾ ਅਤੇ ਬਸਤੇ ਦਾ ਭਾਰ ਘੱਟ ਹੋਣ ਤੇ ਸਕੂਲ ਦੇ ਪ੍ਰਤੀ ਬੱਚੇ ਦੀ ਖਿੱਚ ਵਧੇਗੀ। 'ਸਿੱਖੋ-ਸਿਖਾਓ' ਪ੍ਰੋਗਰਾਮ ਦੇ ਤਹਿਤ ਪਹਿਲੇ ਬਾਰਾਂ ਹਫਤਿਆਂ ਵਿਚ ਬੱਚੇ ਨੂੰ ਮੁੱਢਲੇ ਰੂਪ ਨਾਲ ਤਿਆਰ ਕਰਨਾ, ਦੂਜੇ ਪੜਾਅ ਵਿਚ ਬਸਤੇ ਦਾ ਭਾਰ ਘੱਟ ਕਰਨਾ ਸ਼ਾਮਲ ਹੈ।

ਹਾਲ ਦੇ ਕੁਝ ਅਧਿਐਨਾਂ ਤੋਂ ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਦੁਨੀਆਂ ਦੇ ਅਨੇਕ ਹਿੱਸਿਆਂ ਵਿਚ ਸਿੱਖਿਆ ਅਧਿਆਪਕ ਦਾ ਕੰਮ ਛੱਡ ਕੇ ਦੂਜੀਆਂ ਨੌਕਰੀਆਂ ਵਿਚ ਜਾ ਰਹੇ ਹਨ। ਕੁਝ ਆਪਣੀ ਮਾਨਸਿਕ ਦਸ਼ਾ ਦੇ ਕਾਰਨ ਮਾਸੂਮ ਬੱਚਿਆਂ ਨੂੰ ਸਜ਼ਾ ਦਿੰਦੇ ਹਨ। ਕੁਝ ਅਧਿਆਪਕ ਜੋ ਸਹੀ ਢੰਗ ਨਾਲ ਪੜ੍ਹਾਉਣਾ ਚਾਹੁੰਦੇ ਹਨ, ਉਹ ਵਧਦੀ ਮਹਿੰਗਾਈ ਦੇ ਕਾਰਨ ਆਪਣੀ ਆਰਥਿਕ ਹਾਲਤ ਨੂੰ ਦੇਖ ਕੇ ਖੁਦ ਪ੍ਰੇਸ਼ਾਨ ਰਹਿੰਦੇ ਹਨ, ਕਿਉਂਕਿ ਉਹਨਾਂ ਦੀ ਨਜ਼ਰ ਵਿਚ ਉਹਨਾਂ ਨੂੰ ਤਨਖਾਹ ਬਹੁਤ ਘੱਟ ਮਿਲਦੀ ਹੈ। ਜੇਕਰ ਪੂਰੇ ਦੇਸ਼ ਵਿਚ ਮੁਢਲੀ ਸਿੱਖਿਆ ਪ੍ਰਬੰਧ ਪੂਰੀ ਤਰ੍ਹਾਂ ਨਾਲ ਲਾਗੂ ਕੀਤਾ ਜਾਵੇ ਤਾਂ ਬੱਚਿਆਂ ਦੇ ਨਾਲ ਹੋ ਰਹੇ ਅੱਨਿਆ ਤੋਂ ਉਹਨਾਂ ਨੂੰ ਮਕਤੀ ਮਿਲ ਸਕਦੀ ਹੈ।

ਬਸ਼ਰਤੇ ਕਿ ਇਸ ਵਿਚ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਆਪਣਾ ਪੂਰਾ ਸਹਿਯੋਗ ਦੇਣ ਦੀ ਕੋਸ਼ਿਸ਼ ਕਰਨ। ਪੜ੍ਹਾਈ ਦਾ ਬੋਝ ਘੱਟ ਹੋਣ ਤੇ ਬੱਚਿਆਂ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਸਹੀ ਢੰਗ ਨਾਲ ਹੋ ਸਕੇਗਾ। ਬੱਚਿਆਂ ਦੇ ਸਕੂਲੀ ਸਿੱਖਿਆ ਤੋਂ ਵਾਂਝੇ ਰਹਿਣ ਜਾਂ ਵਿਚਕਾਰੋਂ ਪੜ੍ਹਾਈ ਛੱਡ ਦੇਣ ਦੇ ਪਿੱਛੇ ਇੱਥੇ ਸਭ ਤੋਂ ਵੱਡਾ ਕਰਨ ਗਰੀਬੀ ਹੈ। ਲੋਕਾਂ ਦੀ ਆਰਥਿਕ ਸਥਿਤੀ ਕਮਜ਼ੋਰ ਹੋਣ ਦੇ ਕਾਰਨ ਜ਼ਿਆਦਾਤਰ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਪੂਰੀ ਸਿੱਖਿਆ ਨਹੀਂ ਦੇ ਸਕਦੇ। ਬੱਚੇ ਵਿਚਾਲਿਉਂ ਪੜ੍ਹਾਈ ਛੱਡ ਕੇ ਆਰਥਿਕ ਸਥਿਤੀ ਸੁਧਾਰਨ ਵਿਚ ਲੱਗ ਜਾਂਦੇ ਹਨ, ਜਿਸ ਨਾਲ ਉਹਨਾਂ ਦਾ ਭਵਿੱਖ ਹਨੇਰੇ ਵਿਚ ਡੁੱਬ ਕੇ ਰਹਿ ਜਾਂਦਾ ਹੈ। ਉਹ ਤਦ ਤੋਂ ਅਨਪੜ੍ਹਾਂ ਵਿਚ ਆਉਂਦੇ ਹਨ ਅਤੇ ਨਾ ਹੀ ਪੜ੍ਹੇ-ਲਿਖੇ ਨੌਜਵਾਨਾਂ ਦੀ ਲਾਈਨ ਵਿਚ ਖੜ੍ਹੇ ਹੋ ਸਕਦੇ ਹਨ। ਇਹ ਸਮੱਸਿਆ ਗਰੀਬ ਪਰਿਵਾਰ ਦੇ ਬੱਚਿਆਂ ਵਿਚ ਜ਼ਿਆਦਾ ਰਹਿੰਦੀ ਹੈ। ਅਮੀਰ-ਗਰੀਬ ਦੇ ਹਿਸਾਬ ਨਾਲ ਸਰਕਾਰੀ ਅਤੇ ਨਿੱਜੀ ਸਕੂਲਾਂ ਦਾ ਭੇਦਭਾਵ ਰੱਖਿਆ ਗਿਆ ਹੈ। ਇਸ ਪ੍ਰਕਾਰ ਦੇ ਭੇਦ-ਭਾਵ ਦਾ ਨਤੀਜਾ ਰੁਜ਼ਗਾਰ ਪਾਉਂਦੇ ਸਾਫ ਦਿਖਾਈ ਦਿੰਦਾ ਹੈ। ਅੰਗਰੇਜ਼ੀ ਸਕੂਲਾਂ 'ਚੋਂ ਨਿਕਲੇ ਵਿਦਿਆਰਥੀ ਉਚੇ ਅਹੁਦਿਆਂ 'ਤੇ ਜਾਂਦੇ ਹਨ ਤਾਂ ਸਰਕਾਰੀ ਸਕੂਲਾਂ ਵਿਚ ਜਿਵੇਂ-ਕਿਵੇਂ ਪੜ੍ਹ ਕੇ ਗਰੀਬ ਲੋਕ ਛੋਟੀ-ਮੋਟੀ ਨੌਕਰੀ ਤੱਕ ਹੀ ਪਹੁੰਚਦੇ ਹਨ। ਉਹਨਾਂ 'ਚੋਂ ਜ਼ਿਆਦਾਤਰ ਬੱਚੇ ਬੇਰੁਜ਼ਗਾਰ ਹੀ ਰਹਿ ਜਾਂਦੇ ਹਨ। 2010-2011 ਦੀ ਸਾਲਾਨਾ ਰਿਪੋਰਟ ਵਿਚ ਸਰਕਾਰ ਨੇ ਪਹਿਲੀ ਤੋਂ ਪੰਜਵੀਂ ਜਮਾਤ ਦੇ ਬੱਚਿਆਂ ਦੇ ਵਿਚੋ ਹੀ ਸਕੂਲ ਛੱਡਣ ਦੀ ਦਰ 46 ਪ੍ਰਤੀਸ਼ਤ ਤੋਂ ਘਟਾ ਕੇ 40 ਪ੍ਰਤੀਸ਼ਤ ਕਰਨ ਦੀ ਗੱਲ ਕਹੀ ਹੈ। ਨਾਲ ਹੀ ਲੜਕੀਆਂ ਦੀ ਸਿੱਖਿਆ 'ਤੇ ਖਾਸ ਧਿਆਨ ਦਿੰਦੇ ਹੋਏ ਕਿਹਾ ਗਿਆ ਹੈ ਕਿ ਅਜੇ ਦੇਸ਼ ਦੀ ਸਾਖਰਤਾ ਦਰ ਸਿਰਫ 56 ਪ੍ਰਤੀਸ਼ਤ ਹੈ। 2020 ਤੱਕ ਸਾਰਿਆਂ ਨੂੰ ਖਾਸ ਤੌਰ ਤੇ ਮੁਢਲੀ ਸਿੱਖਿਆ ਦਾ ਮੌਕਾ ਮੁਹੱਈਆ ਕਰਵਾਉਣਾ ਅਤੇ ਇਸ ਨੂੰ ਮੌਲਿਕ ਅਧਿਕਾਰਾਂ ਵਿਚ ਸ਼ਾਮਲ ਕਰਨ ਸਬੰਧੀ ਬਿਲ ਲਿਆਉਣ ਦਾ ਐਲਾਨ ਕੀਤਾ ਗਿਆ ਹੈ। ਉਂਝ ਤਾਂ ਇਸ ਕੰਮ ਵਿਚ ਕਾਫੀ ਦੇਰ ਹੋ ਚੁੱਕੀ ਹੈ, ਪਰ ਇਸ ਐਲਾਨ 'ਤੇ ਵੀ ਅਮਲ ਹੋ ਜਾਵੇ ਤਾਂ ਸਮਝੋ ਕਿ ਗਨੀਮਤ ਹੈ।

# ਸਚੁ ਕੀ ਬੇਲਾ

**ਸੁਖਵਿੰਦਰ 'ਹਰਿਆਓ'**
ਸਕੱਤਰ ਮਾਲਵਾ ਲਿਖਾਰੀ ਸਭਾ, ਸੰਗਰੂਰ
+918146447541



ਭਾਰਤ ਦੇ ਡੁੱਬ ਰਹੇ ਬੇੜੇ ਵਿੱਚ ਵੱਟੇ ਪਾਉਣ 'ਚ ਸਭ ਤੋਂ ਵੱਧ ਯੋਗਦਾਨ ਤਾਂਤਰਿਕ ਰੂਪੀ ਪਾਖੰਡੀ ਬਾਬਿਆਂ ਦਾ ਹੈ ਜੋ ਘਰ ਦੇ ਇੱਕ ਕਮਰੇ ਵਿੱਚ ਅੰਧ-ਵਿਸ਼ਵਾਸ ਦੀ ਦੁਕਾਨ ਲਾਈ ਬੈਠੇ ਹਨ। ਇਹਨਾਂ ਦੀ ਦੁਕਾਨ ਸਭ ਤੋਂ ਵੱਧ ਔਰਤਾਂ, ਮਾਈਆਂ ਅਤੇ ਬੀਬੀਆਂ ਦੇ ਸਿਰ ਤੇ ਚੱਲਦੀ ਹੈ। ਜ਼ਿੰਦਗੀ ਦੀ ਹਰ ਸਮੱਸਿਆ ਦਾ ਹੱਲ ਬਾਬੇ ਦੀ ਸੁਆਹ ਦੀ ਪੁੜੀ ਵਿਚੋਂ ਮਠਿਆਈ ਦੇ ਡੱਬੇ, ਪੈਸੇ, ਸ਼ਰਾਬ ਆਦਿ ਭੇਟ ਕਰਕੇ ਭਾਲਦੀਆਂ ਹਨ। ਬੀਬੀਆਂ ਆਮ ਕਹਿਣਗੀਆਂ ਭੈਣੇ ਫਲਾਣਾ ਬਾਬਾ ਬੜਾ ਸਿਆਣਾ ਹੈ। ਸਿਆਣਪ ਦੇ ਧੰਦੇ ਦਾ ਨਾਮ ਦਿੱਤਾ ਗਿਆ ਹੈ, ਭੋਲੀਓ ਜੋ ਇੱਕ ਬੰਦਾ ਹਜ਼ਾਰਾਂ ਲੋਕਾਂ ਨੂੰ ਮਗਰ ਲਾਈ ਰੱਖਦਾ ਹੈ ਤੇ ਅਦਿਖ ਵਸਤੂਆਂ 'ਚ ਵਿਸ਼ਵਾਸ ਕਰਾਉਂਦਾ ਹੈ, ਉਹ ਆਪ ਤਾਂ ਸਿਆਣ ਹੀ ਹੈ ਪਰ ਪਾਗਲ ਤਾਂ ਅਸੀਂ ਹਾਂ ਜੋ ਘਰ ਦੇ ਕੰਮ ਛੱਡ ਕੇ ਪੈਸੇ ਚੜ੍ਹਾਉਂਦੇ ਹਾਂ ਅਤੇ ਉਸਨੂੰ ਸਿਆਣਾ ਕਹਿ ਕੇ ਖੁਦ ਨੂੰ ਪਾਗਲ ਬਣਾਉਂਦੇ ਹਾਂ। ਤੀਜਾ ਨੇਤਰ ਕੀ ਖੁੱਲ੍ਹਣਾ ਜੋ ਤੁਸੀ ਪਹਿਲੇ ਦੋ ਨੇਤਰ ਬੰਦ ਕਰ ਰਖੇ ਹਨ। ਉੱਥੇ ਹਨੇਰੇ ਤੋਂ ਸਿਵਾ ਕੀ ਪੱਲੇ ਪਵੇਗਾ। ਕੋਈ ਪੁੱਤਰ ਦੀ ਨੌਕਰੀ ਨੂੰ ਲੈ ਕੇ ਚਿੰਤਾ ਵਿੱਚ ਹੈ, ਕੋਈ ਪਤੀ ਵੱਸ 'ਚ ਕਰਨਾ ਚਾਹੁੰਦੀ ਹੈ, ਕੋਈ ਨਸ਼ੇਬਾਜ ਤੋਂ ਤੰਗ ਹੈ। ਭਲੀਓ, ਲੋਕੋ ਜੇ ਬਾਬੇ ਦੇ ਹੱਥ 'ਚ ਨੌਕਰੀ ਹੁੰਦੀ ਤਾਂ ਉਹ ਆਪ ਨਾ ਲੱਗ ਜਾਂਦਾ। ਪਤੀ ਨੂੰ ਵੱਸ 'ਚ ਜੇ ਕਰਨਾ ਹੈ ਕਿਉਂਕਿ ਬਾਬਿਆਂ ਕੋਲੇ ਜਾਂਦੀਆਂ ਹੋ, ਘਰ ਰਹਿ ਕੇ ਕਰੋ, ਪਤੀ ਹੋਰ ਬਾਬੇ ਕੋਲ ਫਿਰਦਾ ਹੈ ਪਤਨੀ ਕਿਸੀ ਹੋਰ ਬਾਬੇ ਕੋਲ ਫਿਰਦੀ ਹੈ। ਇਸ ਤਰ੍ਹਾਂ ਪੈਸਾ ਤਾਂ ਬਰਬਾਦ ਹੁੰਦਾ ਹੀ ਹੈ ਨਾਲ-ਨਾਲ ਬੱਚਿਆਂ 'ਤੇ ਵੀ ਬੁਰਾ ਅਸਰ ਪੈਂਦਾ ਹੈ। ਜੇਕਰ ਰੱਬ ਬਾਬਿਆਂ ਦੇ ਕਹਿਣ ਤੇ ਮੰਗਾਂ ਮੰਨਦਾ ਹੈ ਤਾਂ ਬਾਬਿਆਂ ਤੇ ਕਮਿਸ਼ਨ ਏਜੰਟਾ ਵਿੱਚ ਕੀ ਫ਼ਰਕ ਹੋਇਆ। ਰੱਬ ਜੋ ਪੀਰ, ਪੈਗੰਬਰਾਂ ਦੇ ਰੂਪ ਵਿਚ ਪ੍ਰਗਟ ਹੋਇਆ ਸੀ, ਉਹ ਹੁਣ ਏਜੰਟ ਕਿਵੇਂ ਰੱਖਣ ਲੱਗ ਗਿਆ। ਇਹਨਾਂ ਬਾਬਿਆਂ ਨੇ ਕਦੀ ਬਿਨਾਂ ਪੈਸਿਆਂ ਦੇ ਲਾਲਚ ਤੋਂ ਤੁਹਾਡੇ ਦੁੱਖ ਦੂਰ ਕੀਤੇ। ਇਹਨਾਂ ਕੋਲ ਵੀ ਉਹੀ ਸੁਆਹ ਹੈ ਜੋ ਬੇਬੇ ਸਵੇਰੇ ਰੂੜੀ ਤੇ ਸੁੱਟਦੀ ਹੈ। ਇਹ ਤਾਂ ਆਪ ਹੀ ਵਿਚਾਰੇ ਤੁਹਾਡੇ ਵਰਗੇ ਲੋਕਾਂ ਤੋਂ ਖਾਣ ਦੇ ਤਰੀਕੇ ਲੱਭਦੇ ਹਨ, ਆਪਣੀ ਕਬੀਲਦਾਰੀ ਦੇ ਝਗੜਿਆਂ ਕਾਰਨ। ਜੇ ਇਹ ਸ਼ੁੱਧ ਹਨ ਤਾਂ ਕਿਉਂ ਨਹੀਂ ਜੰਗਲਾਂ 'ਚ ਜਾਂਦੇ। ਤੁਸੀਂ ਪੈਸੇ ਦੇ-ਦੇ ਨੰਗ ਹੋ ਜਾਵੋਗੇ ਅਤੇ ਇਹਨਾਂ ਕੋਲ ਗੱਡੀਆਂ-ਕੋਠੀਆਂ ਸਭ ਕੁੱਝ ਆ ਜਾਂਦਾ ਹੈ। ਇਹਨਾਂ ਦੀ ਲੋਕਾਂ ਤੇ ਕੀ ਕਿਰਪਾ ਕਰਨੀ, ਇਹ ਤਾਂ ਬਾਬਿਆਂ ਤੇ ਲੋਕਾਂ ਦੀ ਕਿਰਪਾ ਹੈ। ਬਾਬੇ ਜਿੰਨਾ ਵੱਧ ਲੁੱਟਦੇ ਹਨ ਉਨਾਂ ਹੀ ਵੱਧ ਸਿਆਣੇ ਬਣਦੇ ਹਨ। ਦਸਾਂ ਨਹੁੰਆਂ ਦੀ ਕਿਰਤ ਕਰਈਏ ਤਾਂ ਦੁੱਖ ਦੂਰ ਹੋਣ। ਕਿਉਂਕਿ ਗੁਰੂ ਨਾਨਕ ਜੀ ਨੇ ਫਰਮਾਇਆ ਸੀ 'ਨਾਨਕ ਦੁੱਖੀਆ ਸੱਭ ਸੰਸਰ'। ਮੁਸੀਬਤਾਂ ਤੋਂ ਘਬਰਾ ਕੇ ਇਹਨਾਂ ਪਾਖੰਡਾਂ ਦੀ ਸ਼ਰਨ 'ਚ ਜਾ ਕੇ ਆਪਣੀ ਮਿਹਨਤ ਦੀ ਕਮਾਈ ਇਸ ਤਰ੍ਹਾਂ ਨਹੀਂ ਲੁਟਾਓ। ਮੁਸੀਬਤਾਂ ਦੇ ਕੰਡੇ ਤੇ ਪੈਰ ਧਰ ਕੇ ਅੱਗੇ ਵਧੋ। ਇੱਕ ਦੋ ਵਾਰ ਬਾਬੇ ਦੇ ਬਿਨਾਂ ਪੈਸੇ ਜਾ ਕੇ ਤਾਂ ਦੇਖੋ ਬਾਬੇ ਆਪਣੇ ਤੁਹਾਨੂੰ ਦਹਿਲੀਜ਼ ਤੇ ਕਦਮ ਵੀ ਧਰਨ ਦਿੰਦੇ। ਲਾਲਚ ਤਾਂ ਗਧੇ ਨੂੰ ਬਾਪ ਤੇ ਬਾਪ ਨੂੰ ਗਧਾ ਕਹਿਣ ਲਈ ਮਜ਼ਬੂਰ ਕਰ ਦਿੰਦਾ ਹੈ। ਤੁਸੀਂ ਪੈਸੇ ਦੇ ਗਧੇ ਨੂੰ ਬਾਪ ਬਣਾ ਰਹੇ ਹੋ। ਆਪਣੀਆਂ ਅੱਖਾਂ ਤੋਂ ਅੰਧ-ਵਿਸ਼ਵਾਸ ਦੀ ਪੱਟੀ ਉਤਾਰੋ। ਬਿਮਾਰੀਆਂ ਦਾ ਇਲਾਜ ਡਾਕਟਰਾਂ ਕੋਲ ਹੁੰਦਾ ਹੈ, ਬਾਬਿਆਂ ਤੋਂ ਨਹੀਂ ਹੁੰਦਾ। ਇਹਨਾਂ ਦੀ ਨਿੱਜੀ ਜ਼ਿੰਦਗੀ ਨੂੰ ਅੱਖਾਂ ਖੋਲ੍ਹ ਕੇ ਦੇਖੋ ਕਿਹੜਾ ਸੰਸਰ ਤਿਆਗ ਦਿੱਤਾ ਹੈ। ਇਕ ਉਹ ਬਾਬੇ ਸੀ ਜੋ ਸਾਡੇ ਵਰਗੇ ਲੋਕਾਂ ਲਈ ਸਰਬੰਸ ਵਾਰ ਗਏ ਤੇ ਇਕ ਇਹ ਪਾਖੰਡੀ ਬਾਬੇ ਨੇ ਜੋ ਸਾਡੇ ਸਿਰਾਂ ਤੇ ਸਰਬੰਸ ਪਾਲ਼ ਰਹੇ ਹਨ। ਸਿਰ ਝੁਕਾਵੋ ਸਿਰਫ਼ ਰੱਬ ਦੇ ਦਰ ਤੇ। ਜੇ ਇਹਨਾਂ ਵਿਚ ਇੰਨੀ ਸ਼ਕਤੀ ਹੈ ਤਾਂ ਮੱਝ ਦੀ ਧਾਰ ਕਿਉਂ ਕੱਢਦੇ ਹਨ, ਆਪਣੀ ਸ਼ਕਤੀ ਨਾਲ ਬਾਲਟੀ ਕਿਉਂ ਨਹੀਂ ਭਰਦੇ। ਕਿਉਂ ਨਹੀਂ ਰੋਟੀ-ਸਬਜੀ ਆਪਣੇ ਆਪ ਬਿਨਾਂ ਹੱਥਾਂ ਦੀ ਮਦਦ ਤੋਂ ਤਿਆਰ ਕਰਦੇ। ਹਰੇਕ ਬਾਬਾ ਇਹੀ ਕਹਿੰਦਾ ਹੈ ਕਿ ਤੇਰੇ ਹੱਥਾਂ 'ਚ ਜਸ ਨਹੀਂ ਹੈ। ਤੂੰ ਹਰੇਕ ਦਾ ਚੰਗਾ ਕਰਦਾ ਹੈਂ ਤੇ ਤੇਰਾ ਹਰ ਕੋਈ ਬੁਰਾ ਕਰ ਜਾਂਦਾ ਹੈ। ਮਾਇਆ ਆਉਂਦੀ ਤਾਂ ਬਥੇਰੀ ਹੈ ਪਰ ਖੜਦੀ ਨਹੀਂ। ਇਹ ਕੌਣ ਮੰਨੇਗਾ ਕਿ ਮੈਂ ਕਿਸੀ ਦਾ ਬੁਰਾ ਕਰਦਾ ਹਾਂ। ਦੁਸ਼ਮਣ ਕਿਸ ਦੇ ਨਹੀਂ ਹੁੰਦੇ, ਸਾਰਾ ਜਹਾਨ ਹਰਕ ਦਾ ਯਾਰ ਨਹੀਂ ਹੁੰਦਾ ਅਤੇ ਨਾ ਹੀ ਪੈਸੇ ਖੜ੍ਹਦੇ ਕਿਸੇ ਕੋਲ, ਨਾ ਬਾਬਿਆਂ ਕੋਲ। ਖਾਣ ਲਈ ਕਮਾਉਣਾ ਪੈਂਦਾ ਹੈ ਤੇ ਇਹ ਬਾਬੇ ਵੀ ਮੁੱਲ ਚੀਜ਼ਾਂ ਖ੍ਰੀਦ ਕੇ ਹੀ ਖਾਂਦੇ ਹਨ, ਬਿਜਲੀ ਦੇ ਬਿੱਲ ਭਰਦੇ ਹਨ, ਆਪਣਿਆਂ ਬੱਚਿਆਂ ਦੀਆਂ ਸਕੂਲਾਂ 'ਚ ਫੀਸਾਂ ਦਿੰਦੇ ਹਨ। ਫ਼ਰਕ ਇੰਨਾ ਹੈ ਕਿ ਅਸੀਂ ਪੈਸੈ ਲਿਜਾ ਕੇ ਇਹਨਾਂ ਦੇ ਅੱਗੇ ਧਰ ਦਿੰਦੇ ਹਾਂ। ਇਹਨਾਂ ਨੂੰ ਮਿੱਟੀ ਨਾਲ ਮਿੱਟੀ ਹੋ ਕੇ ਕਮਾਉਣਾ ਨਹੀਂ ਪੈਂਦਾ ਤੇ ਸਾਨੂੰ ਮਨ ਮਾਰ ਕ ਕਮਾਈ ਕਰਨੀ ਪੈਂਦੀ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਫੈਡਰੇਸ਼ਨ ਆਫ ਇੰਡੀਅਨ ਅਮੈਰੀਕਨ ਅੰਬੇਦਕਰਾਈਟਸ

## (ਐਫ ਆਈ ਏ ਏ), ਬੇ ਏਰੀਆ, ਨਾਨ ਪ੍ਰੌਫਿਟ 501(ਸੀ) (3)



ਡਾ. ਭੀਮਰਾਉ ਰਾਮਜੀ ਅੰਬੇਦਕਰ ਜੀ

ਇਹ ਸੰਸਥਾ ਇੰਡੀਆ ਵਿਚ ਪਿਛੜੇ ਵਰਗ ਦੇ ਗਰੀਬ ਵਿਦਿਆਰਥੀਆਂ ਦੀ ਪੜਾਈ ਲ਼ਈ ਅਤੇ ਗਰੀਬ ਮਾਪਿਆਂ ਦੀ ਆਪਣੀਆਂ ਲ਼ੜਕੀਆਂ ਦੀਆਂ ਸ਼ਾਦੀਆਂ ਕਰਨ ਲ਼ਈ ਸਹਾਇਤਾ ਕਰਦੀ ਇਸ ਦੇ ਨਾ਼ਲ ਨਾ਼ਲ ਇਹ ਸੈਨਫਰਾਂਸਿਸਕੋ ਬੇ ਏਰੀਆ ਵਿਚ ਵੀ ਵਿਦਿਆਰਥੀਆਂ ਦੀ ਪੜਾਈ ਲ਼ਈ ਵੀ ਸਹਾਇਤਾ ਕਰਦੀ ਹੈ। ਇਸ ਤੋ ਇਲਾਵਾ ਇਸ ਸੰਸਥਾ ਦਾ ਮੁਖ ਮਕਸਦ ਡਾ ਭੀਮ ਰਾਉ ਅੰਬੇਦਕਰ ਜੀ ਦੀ ਫਿਲਾਸਫੀ ਨੂੰ ਪਰਮੋਟ ਕਰਨ ਦੇ ਨਾਲ ਨਾਲ ਸੇਨਫਰਾਂਸਿਸਕੋ ਬੇ-ਏਰੀਆ ਵਿਚ "ਅੰਬੇਦਕਰ ਭਵਨ" ਦਾ ਨਿਰਮਾਣ ਕਰਨਾ ਵੀ ਹੈ।

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ:**

## ਇੰਜੀਨੀਅਰ ਰਣਧੀਰ ਸਿੰਘ "ਸੁਮਨ"

36846 ਵਾਲਨਿਟ ਸਟਰੀਟ, ਨਿਊਵਾਰਕ ਕੈਲੀਫੋਰਨੀਆ ਯੂ ਐਸ ਏ 94560

(510) 220-1145 rssuman2003@yahoo.com

## ਮੋਹਣ ਲਾਲ

(510) 673-2630 lal32561@gmail.com


NOW OPEN



# THE TAJ

FINE INDIAN CUISINE, BAR & CATERING

1400 Whyler Rd. Yuba City, CA 95993

$5.99 BUFFET EVERYDAY

11:00 AM to 3:00 PM

530-821-0121

LUNCH TIMEBUFFET, DINE-IN, CARRY OUT CATERING SPECIALIST SWEETS & MORE....

Party Hall Available

Catering Specialist

ACROSS THE PARKING LOT FROM CINEMARK

Dine-In & Carry Out

* WITH A PURCHASE OF A SOFT DRINK, coupon valid until 08/31/2014.
One coupon per person.
Must Bring in the coupon.

# ਆਲੋਵਾਲ ਵਿਖੇ ਚੌਥਾ ਆਦਿ-ਧਰਮ ਸਤਿਸੰਗ ਸਮਾਗਮ ਕਰਵਾਇਆ





**ਸੜੋਆ (ਸਤਨਾਮ ਸਿੰਘ ਸਹੂੰਗੜਾ)** ਬਲਾਕ ਸੜੋਆ ਦੇ ਪਿੰਡ ਆਲੋਵਾਲ ਵਿਖੇ ਡਾ. ਬੀ. ਆਰ. ਅੰ-ਬੇਦਕਰ ਨੌਜਵਾਨ ਵੈਲਫੇਅਰ ਸਭਾ (ਰਜਿ:) ਤੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਵਿਚ ਚੌਥਾ ਆਦਿ ਧਰਮ ਸਤਿਸੰਗ ਸਮਾਗਮ ਕਰਵਾਇਆ ਗਿਆ। ਅੱਜ ਦੇ ਸਮਾਗਮ ਵਿਚ ਸੰਗਤਾਂ ਦੇ ਸਨਮੁਖ ਹੁ-ਦਿਆਂ 707 ਸਵਾਮੀ ਰਵੀ ਚਰਨ ਦਾਸ ਮਹ-ਾਰਾਜ ਜੀ ਕਾਂਸੀ ਵਾਲਿਆਂ ਨੇ ਪ੍ਰਵਚਨ ਕਰਦਿਆਂ ਦੱਸਿਆ ਕਿ ਸਤਗਿਰੂ ਰਵਿਦਾਸ ਜੀ ਪਿੰਡ ਖੁਰਾਲਗੜ੍ਹ ਸਾਹਿਬ ਵਿਖੇ 4 ਸਾਲ 11 ਮਹੀਨੇ 13 ਦਿਨ ਠਹਿਰ ਕੇ ਗਏ ਸਨ। ਇੱਥੇ ਉਹਨਾਂ ਅਨੇਕਾਂ ਲੋਕਾਂ ਨੂੰ ਪ੍ਰਮਾਤਮਾ ਦੀ ਬੰਦਗੀ ਵੱਲ ਜੋੜਿਆ ਤੇ ਨਾਮ ਦਾਨ ਦੀ ਬਖਸ਼ਿਸ਼ ਕਰਕੇ ਗੁਰੂ ਵਾਲੇ ਵੀ ਬਣਾਇਆ। ਇਸ ਇਲਾਕੇ ਦੇ ਰਾਜੇ ਬੈਨ ਵਾਲੇ ਵੀ ਵਿਸਥਾਰ ਵਿਚ ਦੱਸਿਆ ਕਿ ਰਾਜਾ ਬੈਨ ਸੰਤ ਮੀਰਾਂਬਾਈ ਦੇ ਰਿਸ਼ਤੇ ਵਿਚੋਂ ਮਾਸੜ ਲੱਗਦੇ ਸੀ ਤੇ ਸੰਤ ਮੀਰਾਂਬਾਈ ਵੀ ਇੱਥੇ ਸਤਿਗੁਰੂ ਰਵਿਦਾਸ ਜੀ ਨੂੰ ਮਿਲਣ ਵਾਸਤੇ ਆਈ ਸੀ। ਇਸ ਇਲਾਕੇ ਦੀ ਪਾਣੀ ਦੀ ਸਮੱਸਿਆ ਨੂੰ ਦੂਰ ਕਰਦੇ ਹੋਏ



ਗੁਰੂ ਜੀ ਨੇ ਆਪਣੇ ਸੱਜੇ ਪੈਰ ਦੇ ਅੰਗੂਠੇ ਨਾਲ ਪੱਥਰ ਹਟਾਂ ਕੇ ਹੇਠਾਂ ਤੋਂ ਪਾਣੀ ਦਾ ਚਸ਼ਮਾ ਚਲਾਇਆ ਸੀ। ਜੋ ਅੱਜ ਵੀ ਨਿਰਵਿਘਨ ਸੰਗਤਾਂ ਦੀ ਪਾਣੀ ਦੀ ਸਮੱਸਿਆ ਨੂੰ ਦੂਰ ਕਰਦਾ ਹੈ। ਇਸ ਮੌਕੇ ਤੇ ਸੰਤ ਰਵੀ ਚਰਨ ਜੀ ਨੇ ਪੰਜਾਬ ਵਿਚ ਨਸ਼ਿਆਂ ਦੇ ਚੱਲ ਰਹੇ ਹੜ੍ਹ ਵਿਚ ਬਚ ਕੇ ਨਿਕਲਣ ਬਾਰੇ ਆਖਿਆ ਕਿ ਨਸ਼ਿਆਂ ਨਾਲ ਆਪਣਾ ਤੇ ਆਪਦੇ ਪਰਿਵਾਰ ਦਾ ਅਸੀਂ ਮਨ ਦੁਖੀ ਕਰਦੇ ਹਾਂ, ਜਿਸ ਤੋਂ ਸਾਨੂੰ ਬਚ ਕੇ ਰਹਿਣਾ ਚਾਹੀਦਾ ਹੈ ਤੇ ਵੱਧ ਤੋਂ ਵੱਧ ਰੱਬ ਦੀ ਬੰਦਗੀ ਵਿਚ ਸਮਾਂ ਗੁਜ਼ਾਰਨਾ ਚਾਹੀਦਾ ਹੈ। ਇਸ ਮੌਕੇ ਸੰਗਤਾਂ ਵੱਲੋਂ ਜ਼ਰੂਰਤਮੰਦਾਂ ਨੂੰ ਨਾਮ ਦਾਨ ਦੀ ਬਖਸ਼ਿਸ਼ ਵੀ ਕੀਤੀ ਗਈ। ਸੰਤ ਰਵੀ ਚਰਨ ਜੀ ਤੋਂ ਪਹਿਲਾਂ ਮਿਸ਼ਨਰੀ ਕਲਾਕਾਰ ਹਰਭਜਨ ਸਿੰਘ ਬਹਿਲਪੁਰੀ ਤੇ ਬੀਬੀ ਨੀਲਮ ਠੱਕਰਵਾਲ ਵੱਲੋਂ ਸਤਿਗੁਰੂ ਰਵਿਦਾਸ ਜੀ ਦੀ ਉਚਾਰੀ ਬਾਣੀ ਦੇ ਸ਼ਬਦ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਤੇ ਬਲਾਕ ਸੰਮਤੀ ਮੈਂਬਰ ਮਸਤ ਰਾਮ, ਭੁਪਿੰਦਰ ਬੇਗਮਪੁਰੀ, ਸੁਰਿੰਦਰ ਕਾਲਾ, ਮਨਪ੍ਰੀਤ ਸੂਦ, ਮਨਜੀਤ ਸੂਦ, ਜਸਬੀਰ ਸੂਦ, ਪ੍ਰਦੀਪ ਕੁਮਾਰ, ਰੌਸ਼ਨ ਲਾਲ, ਦੀਦਾਰ ਸੂਦ, ਬੀ. ਪੀ. ਈ. ਓ. ਗਿਆਨ ਚੰਦ, ਮਹਿੰਦਰ ਪਾਲਝੱਲਾ, ਸੁੱਚਾ ਰੱਲ੍ਹ ਤੇ ਕੀਰਤਨੀ ਜਥਾ ਅਮਰੀਕ ਸਿੰਘ ਤੇ ਗੁਰਚਰਨ ਸਿੰਘ ਅਮਲੋਹ ਵਾਲੇ ਵੀ ਹਾਜ਼ਰ ਸਨ। ਗੁਰੂ ਕੇ ਲੰਗਰ ਵੀ ਅਤੁੱਟ ਵਰਤਾਏ ਗਏ।

# ਸੰਤ ਭਗਵਾਨ ਦਾਸ ਜੀ ਦਾ ਜਨਮ ਦਿਹਾੜਾ ਮਨਾਇਆ

**ਰਿਓਲਿੰਡਾ, ਸੈਕਰਾਮੈਂਟੋ-** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਵਿਖੇ ਸੰਤ ਭਗਵਾਨ ਦਾਸ 108 ਗੱਦੀ ਨਸ਼ੀਨ, ਨਗਰ ਵਾਲਿਆਂ ਦਾ ਜਨਮ ਦਿਹਾੜਾ ਉਹਨਾਂ ਦੇ ਸ਼ਰਧਾਲੂ ਪਰਿਵਾਰਾਂ ਵੱਲੋਂ ਅਤੇ ਸਮੂਹ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਦਿਨ ਐਤਵਾਰ ਨੂੰ ਮਨਾਇਆ ਗਿਆ। ਰੱਬੀ ਬਾਣੀ ਧੁਰ ਕੀ ਬਾਣੀ ਇਲਾਹੀ





ਬਾਣੀ ਦੇ ਜਾਪ ਕੀਤੇ ਗਏ, ਭੋਗ ਉਪਰੰਤ ਕੜਾਅ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਇਸ ਦਿਨ ਸਾਬਕਾ ਪ੍ਰਧਾਨ ਸਤੀਸ਼ ਰੱਲ੍ਹ, ਕੇਵਲ ਬੋਲੀਨਾ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਕੇਵਲ ਬੋਲੀਨਾ ਨੇ ਡਾ. ਹਰਮੇਸ਼ ਕੁਮਾਰ ਜੋ ਕੰਕਰਡ ਤੋਂ ਕੌਂਸਲਰ ਦੀ ਚੋਣ ਲੜ ਰਹੇ ਹਨ, ਸੰਗਤਾਂ ਤੋਂ ਉਹਨਾਂ ਨੂੰ ਸਹਿਯੋਗ ਦੇਣ ਦੀ ਮੰਗ ਕੀਤੀ। ਡਾ. ਹਰਮੇਸ਼ ਕੁਮਾਰ ਨੇ ਵੀ ਖੁਦ ਸੰਗਤਾਂ ਤੋਂ ਸਹਿਯੋਗ ਮੰਗਿਆ। ਰਵਿਦਾਸੀਆ ਅਵੇਅਰਨੈਸ ਕਮਿਊਨਿਟੀ ਵੱਲੋਂ ਡਾ. ਹਰਮੇਸ਼ ਕੁਮਾਰ ਨੇ ਚੈਕ ਭੇਂਟ ਕੀਤਾ। ਸਕੱਤਰ ਰਾਜਕੁਮਾਰ ਸੂਦ ਅਤੇ ਰਮੇਸ਼ ਬੰਗੜ ਨੇ ਵੀ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਭਾਈ ਜਸਪਾਲ ਸਿੰਘ ਅਤੇ ਭਾਈ ਨਿਰਮਲ ਸਿੰਘ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਰਾਜ ਬੱਧਣ ਅਤੇ ਸੋਹਣ ਬੱਧਣ ਵੱਲੋਂ ਪਰਿਵਾਰ ਵੱਲੋਂ ਆਉਂਦੇ ਐਤਵਾਰ ਨੂੰ ਕਰਵਾਏ ਜਾ ਰਹੇ ਪ੍ਰੋਗਰਾਮ ਵਿਚ ਸੰਗਤਾਂ ਨੂੰ ਗੁਰੂ ਘਰ ਪਹੁੰਚਣ ਦੀ ਬੇਨਤੀ ਕੀਤੀ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਦਲਿਤ ਲੀਡਰ ਸੰਜੂ ਬਾਲਾ ਐਡਵੋਕੇਟ ਨਾਲ ਵਕੀਲਾਂ ਨੇ ਕੀਤਾ ਮਾੜਾ ਵਤੀਰਾ

**ਸਿਰਸਾ-** ਦਲਿਤ ਸਮਾਜ ਦੀ ਲੀਡਰ ਸੰਜੂ ਬਾਲਾ ਜੋ ਕਿ ਜ਼ਿਲ੍ਹਾ ਅਦਾਲਤ ਸਿਰਸਾ ਵਿਚ ਬਤੌਰ ਐਡਵੋਕੇਟ ਪ੍ਰੈਕਟਿਸ ਕਰਦੀ ਹੈ, ਦੇ ਨਾਲ ਬਾਰ ਐਸੋਸੀਏਸ਼ਨ ਦੀ ਇਕ ਮੀਟਿੰਗ ਵਿਚ ਜੋ ਦੁਰਵਿਵਹਾਰ ਕੀਤਾ ਗਿਆ, ਉਹ ਬਹੁਤ ਮੰਦਭਾਗਾ ਹੈ। ਦਲਿਤ ਸਮਾਜ ਇਸਦਾ ਵਿਰੋਧ ਕਰਦਾ ਹੈ। ਜੇਕਰ ਪ੍ਰਸ਼ਾਸਨ ਨੇ ਇਸ ਮਾਮਲੇ ਵਿਚ ਜਲਦੀ ਕੋਈ ਕਾਰਵਾਈ ਨਾ ਕੀਤੀ ਤਾਂ ਦਲਿਤ ਸਮਾਜ ਆਉਣ ਵਾਲੇ ਸਮੇਂ ਵਿਚ ਪ੍ਰਸ਼ਾਸਨ ਦੇ ਖਿਲਾਫ ਧਰਨਾ-ਪ੍ਰਦਰਸ਼ਨ ਕਰੇਗਾ। ਇਹ ਗੱਲ ਵਾਲਮੀਕ ਸਮਾਜ ਦੇ ਮੁਖੀ ਰਾਜਕੁਮਾਰ ਚੰਦਰਾ ਨੇ ਵਾਲਮੀਕ ਮੰਦਰ ਵਿਚ ਪੱਤਰਕਾਰਾਂ ਨਾਲ ਰੂਬਰੂ ਹੁੰਦੇ ਹੋਏ ਕਹੀ। ਉਹਨਾਂ ਕਿਹਾ ਕਿ ਬਾਰ ਐਸੋਸੀਏਸ਼ਨ ਤੋਂ ਸਾਨੂੰ ਕੋਈ ਸਮੱਸਿਆ ਜਾਂ ਨਰਾਜ਼ਗੀ ਨਹੀਂ ਹੈ ਪਰ ਕੁਝ



ਵਕੀਲਾਂ ਨੇ ਇਸ ਐਸੋਸੀਏਸ਼ਨ ਦੀ ਮੀਟਿੰਗ ਵਿਚ ਦਲਿਤ ਔਰਤ ਦੇ ਨਾਲ ਜੋ ਮਾੜਾ ਵਤੀਰਾ ਅਤੇ ਜਾਤੀਸੂਚਕ ਟਿੱਪਣੀਆਂ ਕੀਤੀਆਂ, ਉਸਦਾ ਪੂਰਾ ਦਲਿਤ ਸਮਾਜ ਵਿਰੋਧ ਕਰਦਾ ਹੈ। ਬਾਰ ਐਸੋਸੀਏਸ਼ਨ ਇਕ ਅਜਿਹੀ ਸੰਸਥਾ ਹੈ, ਜਿਸਦਾ ਅਸੀਂ ਸਤਿਕਾਰ ਕਰਦੇ ਹਾਂ। ਉਹਨਾਂ ਕਿਹਾ ਕਿ ਬਾਰ ਐਸੋਸੀਏਸ਼ਨ ਦੀ ਮੀਟਿੰਗ ਵਿਚ ਪੁਰਸ਼ੋਤਮ ਫੁਟੇਲਾ, ਗੁਰਦੇਵ ਸਿੰਘ ਕੂਕਾ, ਮਧੁਰ ਕੰਬੋਜ, ਰਘਬੀਰ ਸਿੰਘ ਖਿੰਡਾ, ਗਣੇਸ਼ੀ ਸੇਠੀ, ਹਰਪਾਲ ਸਿੰਘ ਗਿੱਲ, ਰਵਿੰਦਰ ਕੰਬੋਜ, 5-6 ਹੋਰ ਵਕੀਲਾਂ ਨੇ ਦਲਿਤ ਔਰਤ ਵਕੀਲ ਸੰਜੂ ਬਾਲਾ ਦਾ ਅਪਮਾਨ ਕੀਤਾ ਹੈ, ਜਿਸਦੀ ਮੁੱਖ ਜੱਸ ਪੰਜਾਬ ਹਰਿਆਣਾ ਹਾਈ ਕੋਰਟ, ਬਾਰ ਕੌਂਸਲ ਇੰਡੀਆ, ਰਾਸ਼ਟਰਪਤੀ ਸਾਹਿਬ, ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ, ਕੇਂਦਰੀ ਕਾਨੂੰਨ ਮੰਤਰੀ, ਗ੍ਰਹਿ ਸਕੱਤਰ ਭਾਰਤ ਸਰਕਾਰ ਅਤੇ ਪੁਲਿਸ ਅਧਿਕਾਰੀਆਂ ਨੂੰ ਸ਼ਿਕਾਇਤ ਭੇਜ ਕੇ ਜ਼ਿੰਮੇਵਾਰ ਲੋਕਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

## ਪਤੀ-ਪਤਨੀ ਦਾ ਕਲੇਸ਼!

ਇਕ ਪੂਰਬ ਨੂੰ ਦੂਸਰਾ ਵੱਲ੍ਹ ਪੱਖੋਂ
ਜੁਦਾ ਜੁਦਾ ਸੀ ਦੋਹਾਂ ਦਾ ਪੱਥ ਮੀਆਂ।
ਭਾਵੇਂ ਇੱਟ ਤੇ ਘੜੇ ਦਾ ਮੇਲ ਹੈ ਸੀ
ਫਿਰ ਵੀ ਰੱਖਿਆ ਦੋਹਾਂ ਨੇ 'ਕੱਠ ਮੀਆਂ।
ਬੁਰੇ ਦਿਨਾਂ ਦਾ ਸਾਹਮਣਾ ਕਰੇ ਬਾਪੂ
ਜਿਹਦਾ ਪੁੱਤ ਵੀ ਹੋਵੇ ਉਲੱਥ ਮੀਆਂ।

ਹੁਣ ਨਹੀਂ ਨਿਭਣੀਆਂ ਯਾਰੀਆਂ ਦੇਖਿਓ ਜੀ
ਕਰਦੀ ਚੁਰ-ਚੁਰਾ ਪਿੰਡਾਂ ਦੀ ਸੱਥ ਮੀਆਂ
ਪਤਨੀ 'ਪਾਵਰ-ਫੁੱਲ' ਹੋਈ ਨੂੰ ਦੇਖ ਕੇ ਤੇ
ਪਤੀ ਮਾਰਦਾ ਮੱਥੇ 'ਤੇ ਹੱਥ ਮੀਆਂ!

-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

**ਬਰਸੀ ਤੇ ਵਿਸ਼ੇਸ਼** — ਪ੍ਰਿੰ: ਮਲੂਕ ਚੰਦ ਕਲੇਰ

# 'ਕਵਿਤਾ ਵਿਚ ਆਮ ਲੋਕਾਂ ਦੀ ਗੱਲ ਕਰਨ ਵਾਲਾ ਲੋਕ-ਕਵੀ ਗੁਰਦਾਸ ਰਾਮ ਆਲਮ'


ਬੁੰਡਾਲਾ ਮੰਜ਼ਕੀ ਜਲੰਧਰ ਜ਼ਿਲ੍ਹੇ ਦਾ ਇਕ ਮਸ਼ਹੂਰ ਪਿੰਡ ਹੈ। ਮਸ਼ਹੂਰੀ ਇਸ ਦੀ ਹੋਰਨਾਂ ਪੱਖਾਂ ਤੋਂ ਇਲਾਵਾ ਪਿੰਡ ਬੁੰਡਾਲਾ ਦੇ ਹੀ ਜੰਮਪਲ ਅਨੇਕਾਂ ਸਾਹਿਤਕਾਰਾਂ ਕਰਕੇ ਵੀ ਹੈ, ਜਿਹਨਾਂ ਵਿਚੋਂ ਕਵਿਤਾ ਵਿਚ ਆਮ ਲੋਕਾਂ ਦੀ ਗੱਲ ਕਰਨ ਵਾਲਾ ਲੋਕ ਕਵੀ ਗੁਰਦਾਸ ਰਾਮ 'ਆਲਮ' ਵੀ ਹੋਇਆ ਹੈ।

ਗੁਰਦਾਸ ਰਾਮ 'ਆਲਮ' ਦਾ ਜਨਮ 1912 ਵਿਚ ਪਿੰਡ ਬੁੰਡਾਲਾ ਮੰਜ਼ਕੀ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਵਿਖੇ ਇਕ ਸਧਾਰਨ ਪਰ ਮਿਹਨਤਕਸ਼ ਪਰਿਵਾਰ ਵਿਚ ਹੋਇਆ। ਆਲਮ ਨੇ ਜਿੱਥੇ ਮਿਹਨਤ ਮਜ਼ਦੂਰੀ ਨੂੰ ਹੀ ਰੋਟੀ ਰੋਜ਼ੀ ਦਾ ਸਾਧਨ ਬਣਾਇਆ, ਉਥੇ ਨਾਲ ਦੀ ਨਾਲ ਕਵਿਤਾ ਨੂੰ ਵੀ ਬੜੀ ਹੀ ਸ਼ਿੱਦਤ ਨਾਲ ਪਿਆਰ ਕੀਤਾ।

ਆਲਮ ਨੇ- ਜੇ ਮੈਂ ਮਰ ਗਿਆ, ਅੱਲ੍ਹੇ ਫੱਟ, ਉਡਦੀਆਂ ਧੂੜਾਂ ਅਤੇ ਆਪਣਾ ਆਪ ਚਾਰ ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦਿੱਤੇ ਹਨ।

ਮਾਨਵਵਾਦੀ ਰਚਨਾ ਮੰਚ, ਪੰਜਾਬ ਨੇ 'ਆਲਮ' ਦੇ ਇਹ ਚਾਰੇ ਕਾਵਿ ਸੰਗ੍ਰਹਿ ''ਆਲਮ-ਕਵਿ'' ਸਿਰਲੇਖ ਹੇਠ ਇਕ ਜਿਲਦ ਵਿਚ ਪ੍ਰਕਾਸ਼ਿਤ ਕਰਾਏ ਹਨ, ਜੋ ਇਕ ਸ਼ਲਾਘਾ ਯੋਗ ਉਦਮ ਹੈ। ਇਹ ਪੰਜਾਬੀ ਸਾਹਿਤ ਦੀ ਵਡਮੁੱਲੀ ਸੇਵਾ ਹੈ। ਗੁਰਦਾਸ ਰਾਮ ਆਲਮ ਸਮਾਜ ਦੇ ਲਿਤਾੜੇ ਹੋਏ ਤੇ ਲੁੱਟ-ਖਸੁੱਟ ਦਾ ਸ਼ਿਕਾਰ ਬਣੇ ਲੋਕਾਂ ਦਾ ਲੋਕ-ਕਵੀ ਹੈ।

ਉਹਨਾਂ ਦੀ ਕਵਿ ਪੁਸਤਕ 'ਉਡਦੀਆਂ ਧੂੜਾਂ' ਦੀ ਭੂਮਿਕਾ ਵਿਚ ਸ੍ਰੀ ਲਾਹੌਰੀ ਰਾਮ 'ਬਾਲੀ' (ਸੰਪਾਦਕ ਭੀਮ ਪੱਤ੍ਰਿਕਾ) ਲਿਖਦੇ ਹਨ- 'ਆਲਮ ਆਪ ਛੰਨਾਂ ਢਾਰਿਆਂ ਵਿਚ ਜੰਮਣ ਅਤੇ ਨਿਵਾਸ ਕਰਨ ਵਾਲੇ ਮਿਹਨਤਕਸ਼ ਲੋਕਾਂ ਵਿਚੋਂ ਹੈ, ਇਸ ਲਈ ਉਸ ਦੀ ਕਵਿਤਾ ਮਜ਼ਦੂਰ, ਜੁਲਾਹੇ, ਮੋਚੀ, ਪਥੇਰੇ, ਭੰਗੀ, ਕਿਸਾਨ ਅਤੇ ਦੂਜੇ ਅਜਿਹੇ ਮਿਹਨਤਕਸ਼ ਲੋਕਾਂ ਦੇ ਆਲੇ-ਦੁਆਲੇ ਘੁੰਮਦੀ ਹੈ। ਉਹ ਇਕ ਸ਼੍ਰੇਣੀ ਦਾ ਸ਼ਾਇਰ ਹੈ। ਉਸ ਦੀ ਸੋਚ ਜਮਾਤੀ ਹੈ। ਉਹ ਆਪ ਢੋਲ ਵਜਾ ਵਜਾ ਕੇ ਕਹਿੰਦਾ ਹੈ ਕਿ ਉਹ ਨਿਰਪੱਖ ਨਹੀਂ ਹੈ। ਉਹ ਆਪਣੇ ਸਾਥੀ ਕਵੀਆਂ ਨੂੰ ਪੁੱਛਦਾ ਹੈ ਕਿ ਉਹ ਕੀ ਲਿਖਦੇ ਹਨ ਅਤੇ ਕਿਸ ਲਈ ਲਿਖਦੇ ਹਨ। ਕਿਧਰੇ ਉਹਨਾਂ ਦੀ ਲਿਖਤ ਜਰਵਾਣਿਆਂ ਦਾ ਪੱਖ ਤਾਂ ਨਹੀਂ ਪੂਰਦੀ?''




ਆਲਮ ਆਪਣੀ ਕਵਿਤਾ 'ਕਵੀ ਨੂੰ' ਵਿਚ ਲਿਖਦਾ ਹੈ:

ਓਏ ਕਵੀਆ ਮੇਰੀ ਕਲਾਸ ਦਿਆ
ਛੱਡ ਆਦਤ ਨੱਚਣ ਗਾਣੇ ਦੀ।
ਜਾਂ ਬੈਠਾ ਰਹੁ ਮੂੰਹ ਬੰਦ ਕਰਕੇ
ਜਾਂ ਗੱਲ ਕਰ ਕਿਸੇ ਟਿਕਾਣੇ ਦੀ।
ਕੀ ਲਿਖਦਾ ਕਿਸ ਲਈ ਲਿਖਦਾ ਏਂ?
ਇਸ ਗੱਲ ਨੂੰ ਗਹੁ ਨਾਲ ਸੋਚ ਜ਼ਰਾ,
ਤੇਰੀ ਲਿਖਤ ਸਹਾਇਤਾ ਕਰਦੀ ਏ,
ਜਾਂ ਲੱਸੇ ਜਾਂ ਜਰਵਾਣੇ ਦੀ।

ਪੰਜਾਬੀ ਕਵਿਤਾ ਵਿਚ ਸਭ ਤੋਂ ਪਹਿਲਾਂ ਗੁਰਦਾਸ ਰਾਮ 'ਆਲਮ' ਨੇ ਹੀ ਕਿਰਤੀ, ਕਿਸਾਨਾਂ ਨੂੰ ਆਪਣੇ ਗੀਤਾਂ ਅਤੇ ਕਵਿਤਾਵਾਂ ਦਾ ਨਾਇਕ ਬਣਾਇਆ,ਇਸ ਤੋਂ ਪਹਿਲਾਂ ਜਗੀਰਦਾਰੀ ਦਾ ਪੱਖ ਪੂਰਨ ਵਾਲੇ ਪਾਤਰਾਂ-ਲੰਬੜਾਂ, ਪਟਵਾਰੀਆਂ, ਸੂਬੇਦਾਰਾਂ, ਠਾਣੇਦਾਰਾਂ ਤੇ ਉੱਚ ਸ਼੍ਰੇਣੀ ਦੇ ਪਾਤਰਾਂ ਨੂੰ ਹੀ ਸਾਹਿਤ ਵਿਚ ਨਾਇਕ ਦੇ ਤੌਰ ਤੇ ਉਭਾਰਿਆ ਜਾਂਦਾ ਸੀ। ਪਰ ਆਲਮ ਨੇ ਵਿਰੋਧੀ ਨਾਇਕ ਦੀ ਪਿਰਤ ਪੰਜਾਬੀ ਸਾਹਿਤ ਵਿਚ ਸ਼ੁਰੂ ਕੀਤੀ। ਉਸਦੇ ਗੀਤਾਂ ਦੇ ਕੁਝ ਮੁਖੜੇ ਦੇਖੋ:

1. ਮਾਹੀ ਮੇਰਾ ਕਾਲੇ ਰੰਗ ਦਾ ਵਿਹੜੇ
ਵੜਦਾ ਤੇ ਚੰਦ ਚੜ੍ਹ ਜਾਂਦਾ।
ਜਗ ਦੀ ਭਲਾਈ ਵਾਸਤੇ ਬੇਹੀਆਂ ਰੋ-
ਟੀਆਂ ਮਿਰਚ ਨਾਲ ਖਾਂਦਾ।
2. ਗੱਲ ਸੁਣੀ ਲਿਲਾਰੀਆ ਉਰੇ ਹੋ ਕੇ,
ਮੇਰੇ ਯਾਰ ਦੀ ਪੱਗ ਸਿਰਦਈ ਰੰਗ ਦੇ।
3. ਜਾਗ ਪਏ ਇਸ ਜੁਗ ਦੇ ਯੋਧੇ, ਜਾਗ
ਪਏ ਮਜ਼ਦੂਰ।
ਹੁਣ ਦੁਨੀਆਂ ਦੇ ਦੁੱਖ, ਤਕਲੀਫਾਂ ਹੋ ਰਹੇ ਦੂਰੋ ਦੂਰ।

ਭਾਵੇਂ ਆਜ਼ਾਦੀ ਤਾਂ ਮਿਲ ਗਈ ਪਰ ਮਹਿੰਗਾਈ ਨੇ ਆਮ ਵਰਗ ਦਾ ਆਏ ਦਿਨ ਕਚੂਮਰ ਕੱਢ ਦਿੱਤਾ। ਆਲਮ ਨੇ ਇਕ ਲੋਕ-ਗੀਤ ਉਪਰ ਵਿਅੰਗਮਈ ਗੀਤ ਦੀ ਰਚਨਾ ਕੀਤੀ ਹੈ:

ਕਵੀ ਨੂੰ ਸਿਆਸੀ ਸੂਝ ਵੀ ਹੈ-
ਪੀਂਘਾਂ ਦੀ ਪੁਰਾਣੀ ਗੱਲ ਆ,
ਅੱਜ ਕੀਮਤਾਂ ਅਰਸ਼ ਉਤੇ ਚੜ੍ਹੀਆਂ
ਪੋਲੇ ਹੱਥੀਂ ਗਾਡੀਵਾਨ ਤੋਂ,
ਬਾਗਾਂ ਰਹੀਆਂ ਨਾ ਮਹਿੰਗਾਈ ਦੀਆਂ ਫੜੀਆਂ।
ਸੁੱਕੀਆਂ ਕਰੂੰਬਲਾਂ ਉਤੇ, ਫੋਕਾ ਸੋਸ਼ਲਿਜ਼ਮ ਛਿੜਕਾਇਆ।

ਸੁੱਕਾ ਸਾਣਾ ਸੌਣ ਲੰਘਿਆ, ਮੀਂਹ, ਮੀਂਹ ਦੀ ਰੁੱਤੇ ਵੀ ਨਾ ਆਇਆ। ਰੁੱਤਾਂ ਬਦਲ ਗਈਆਂ। ਸਦੀਆਂ ਬਦਲ ਗਈਆਂ ਪਰ ਛੂਤ-ਛਾਤ ਦੀ ਘਿਨਾਉਣੀ ਬਿਮਾਰੀ ਦਾ ਇਲਾਜ ਕੋਈ ਵੀ ਵੈਦ ਨਾ ਕਰ ਸਕਿਆ। ''ਅਛੂਤ ਦਾ ਇਲਾਜ'' ਕਵਿਤਾ ਵਿਚ ਕਵੀ ਇਸ ਬਿਮਾਰੀ ਦਾ ਇਲਾਜ ਸਮਾਜ ਦੇ ਵੱਖੋ ਵੱਖਰੇ ਚੌਧਰੀਆਂ ਤੋਂ ਕਰਾਉਂਦਾ ਹੈ:

ਡਾਕਟਰ ਸਾਹਿਬ ਤਕੜੇ ਹੋ ਕੇ ਹੱਥ ਪਾਇਓ,
ਚੋਖੇ ਸਾਲ ਹੋ ਗਏ ਤਾਣ ਲਾ ਚੁੱਕਾ
ਮੁਸਲਮ, ਹਿੰਦੂ ਇਸਾਈ ਤੇ ਸਿੱਖ ਸਾਰੇ
ਲਿਆ ਕੇ ਮਾਂਦਰੀ ਨਬਜ਼ ਵਿਖਾ ਚੁੱਕਾ।

ਆਲਮ ਦੀ ਕਵਿਤਾ ਦੀ ਮੁੱਖ- ਵਿਸ਼ੇਸ਼ਤਾ ਉਸਦੀ ਲੋਕ-ਬੋਲੀ ਹੈ। ਆਲਮ ਨੇ ਆਪਣੀ ਕਵਿਤਾ ਵਿਚ ਬੋਲ-ਚਾਲ ਦੀ ਬੋਲੀ, ਪੇਂਡੂ ਸ਼ਬਦਾਵਲੀ, ਮੁਹਾਵਰੇ ਅਤੇ ਪੰਜਾਬੀ ਸਭਿਆਚਾਰ ਦੀ ਵਰਤੋਂ ਵਧੇਰੇ ਕੀਤੀ ਹੈ। ਜਿਵੇ:

ਪੇਂਡੂ ਬੋਲੀ ਮੁਹਾਵਰੇ ਮੰਜਕੀ ਦੇ
ਹਰ ਜਗਾ, ਪਛਾਣਿਆ ਜਾਨਾ ਹਾਂ ਮੈਂ।

ਗੁਲਾਮਾਂ ਦੀ ਬਗਾਵਤ, ਪਾਂਜੂ ਅਤੇ ਮਹਾਰਾਜਾ ਦਲੀਪ ਸਿੰਘ ਦੀਆਂ ਚਿੱਠੀਆਂ ਆਦਿ ਕਵਿਤਾਵਾਂ ਤੋਂ ਪਤਾ ਲੱਗਦਾ ਹੈ ਕਿ ਆਲਮ ਇਤਿਹਾਸ ਤੋਂ ਵੀ ਭਲੀ-ਭਾਂਤ ਜਾਣੂ ਸੀ। ਉਸਦਾ ਇਤਿਹਾਸ ਬਾਰੇ ਡੂੰਘਾ ਗਿਆਨ ਸੀ।

27 ਸਤੰਬਰ, 1989 ਨੂੰ ਬੇਸ਼ੱਕ ਲੋਕ ਕਵੀ ਗੁਰਦਾਸ ਰਾਮ 'ਆਲਮ' ਸਾਡੇ ਕੋਲੋਂ ਸਦਾ ਲਈ ਚਲੇ ਗਿਆ ਪਰ ਪੰਜਾਬੀ ਸਾਹਿਤ ਦੇ ਖਾਸ ਕਰਕੇ ਕਵਿਤਾ ਦੇ ਖੇਤਰ ਵਿਚ ਆਪਣੀ ਪਛਾਣ ਸਦਾ ਸਦਾ ਲਈ ਬਣਾ ਗਿਆ।

# HAPPY TRAVELS AGENCY



Harjit (Happy)
Agency Owner
HappyTravels Agency

Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fiji, Uk, Europe and All Over The World

Email: happytravelsusa@yahoo.com

**PHONE: 209-594-8473**
**E-FAX: 877-623-6177**

**1743 GRAND CANAL BLVD**
**12 STOCKTON, CA 95207**



# AAA
## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖ਼ਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

Harmandeep Singh

**510- 733- 2222**

**1421 Industrial PKWY West#F Hayward, CA 94544**



Mikasa
HOMES & FUNDING

## Rakesh Chander



Rakesh Chander
Realtor

Mikasa Homes & Funding
1601 S. De Anza Blvd, Suite 118
Cupertino, CA 95014

Cell: (916) 698-3808
Fax: (916) 725-5812

Mikasa Homes & Funding
DRE Lic.: 01866732

Email: mchander@comcast.net, Web: www.mikasafunding.com



FREE WiFi

FREE WiFi

FREE WiFi

FREE WiFi

FREE WiFi

Varieties of Video Games Available

Variety of Sandwiches are also available

Ram Gopal

Annabelle's
Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

IN OLD SACRAMENTO

## Annabelle's
## Pizza & Pasta Kitchen

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM




Ram Gopal

Features
All you can eat italian Buffet

(Our Dough is Freshly Rolled Daily and Made of the Finest Ingredients)

Now Serving Beer &Wine!




Ram Gopal (916) 448-6239
200 "J" Street, Sacramento, CA 95814



# TANDOOR
## Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:

**Ph. 510-885-1212**
**Fax. 510-885-1532**

# ਯੂਬਾ ਸਿਟੀ (ਕੈਲੇਫੋਰੀਆ) ਵਿਖੇ ਮਹਾਂਰਿਸ਼ੀ ਵਾਲਮੀਕ ਜੀ ਦੇ ਮੰਦਰ ਦੇ ਉਦਘਾਟਨ ਸਮਾਰੋਹ ਦੀਆਂ ਝਲਕੀਆਂ ਤਸਵੀਰਾਂ ਦੀ ਜੁਬਾਨੀ



















# ਯੂਬਾ ਸਿਟੀ ਵਿਖੇ ਸਤਿਗੁਰੂ ਸੈਨ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ










ਯੂਬਾ ਸਿਟੀ (ਦਿਲਵਿੰਦਰ ਰੱਲ੍ਹ)- ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੇ ਬਹੁਤ ਸ਼ਰਧਾ ਪੂਰਵਕ ਸਤਿਗੁਰੂ ਸੈਨ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ 9 ਨਵੰਬਰ ਦਿਨ ਐਤਵਾਰ ਨੂੰ ਮਨਾਇਆ ਗਿਆ। ਇਸ ਵਿਸ਼ੇਸ਼ ਦਿਹਾੜੇ ਤੇ ਵਿਸ਼ੇਸ਼ ਤੌਰ ਤੇ ਗੁਰੂ ਘਰ ਨਾਲ ਅਥਾਹ ਸ਼ਰਧਾ ਰੱਖਣ ਵਾਲੇ ਪਰਿਵਾਰਾਂ ਸਰਵ ਸ਼੍ਰੀ ਸੁਸ਼ੀਲ ਕੁਮਾਰ ਵਾਸ਼ਿੰਗਟਨ ਮਾਰਕੀਟ ਯੂਬਾ ਸਿਟੀ, ਦੇਸੀ ਹੇਅਰਕੱਟ ਹੇਵਰਡ ਸਿਟੀ ਵਾਲੇ, ਅਜਮੇਰ ਸਿੰਘ ਤੇ ਉਹਨਾਂ ਦਾ ਸਮੂਹ ਪਰਿਵਾਰ ਯੂਬਾ ਸਿਟੀ ਤੋਂ ਇਲਾਵਾ ਬਹੁਤ ਸਾਰੇ ਅਣਗਿਣਤ ਪਰਿਵਾਰ ਜਿਹਨਾਂ ਦੇ ਨਾਂ ਵਾਹਿਗੁਰੂ ਜਾਣਦੇ ਹਨ, ਆਦਿ ਮਾਇਆ ਅਤੇ ਹੱਥੀਂ ਸੇਵਾ ਨਾਲ ਆਪਣੀਆਂ ਹਾਜ਼ਰੀਆਂ ਲਗਵਾਈਆਂ। ਇਹਨਾਂ ਤੋਂ ਇਲਾਵਾ ਕੈਲੀਫੋਰਨੀਆ ਦੇ ਮਸ਼ਹੂਰ ਰੈਸਟੋਰੈਂਟ **ਤੰਦੂਰ ਰੈਸਟੋਰੈਂਟ ਹੇਵਰਡ ਦੇ ਮਾਲਕ ਸੁਰਿੰਦਰ ਕੁਮਾਰ ਕੋਕਾ** ਵੱਲੋਂ ਵੀ ਭਰਪੂਰ ਯੋਗਦਾਨ ਪਾਇਆ ਗਿਆ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਨੇ ਰਸ ਭਿੰਨਾ ਸ਼ਬਦ ਗਾਇਨ ਕੀਤਾ, ਕਥਾਵਾਚਕ ਭਾਈ ਗੁਰਦੇਵ ਸਿੰਘ ਯੂਬਾ ਸਿਟੀ ਵਾਲਿਆਂ ਨੇ ਸਤਿਗੁਰੂ ਸੈਨ ਜੀ ਦੇ ਜੀਵਨ ਮਹਿਮਾ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਧਾਰਮਿਕ ਕਵਿਤਾ ਨਾਲ ਆਪਦੀ ਹਾਜ਼ਰੀ ਭਰੀ। ਅੱਜ ਦੇ ਇਸ ਵਿਸ਼ੇਸ਼ ਸਮਾਗਮ ਮੌਕੇ ਸਤਿਕਾਰਯੋਗ ਸੰਤ ਸ਼ਾਮ ਦਾਸ ਜੀ ਮਾਹਿਲ ਗਹਿਲਾ (ਸ਼ਹੀਦ ਭਗਤ ਸਿੰਘ ਨਗਰ, ਪੰਜਾਬ ਤੋਂ) ਨੇ ਸਮੂਹ ਸਾਧ ਸੰਗਤ ਨੂੰ ਸਤਿਗੁਰੂ ਸੈਨ ਜੀ ਦੇ ਪ੍ਰਕਾਸ਼ ਦਿਹਾੜਾ ਮਨਾਏ ਜਾਣ ਦੀਆਂ ਵਧਾਈਆਂ ਦਿੰਦਿਆਂ ਸਤਿਗੁਰੂ ਜੀ ਦੇ ਜੀਵਨ ਅਤੇ ਧਾਰਮਿਕ ਫਲਸਫੇ ਤੋਂ ਜਾਣੂ ਕਰਵਾਇਆ ਅਤੇ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਆ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਤਾਂ ਦਾ ਸਿਰੋਪਾਓ ਨਾਲ ਸਨਮਾਨ ਅਤੇ ਧੰਨਵਾਦ ਕੀਤਾ ਗਿਆ।

ਸਟੇਜ ਦੀ ਸੇਵਾ ਭਾਈ ਰਾਮ ਸੇਵਕ ਭਾਟੀਆ ਜੀ ਨੇ ਬਾਖੂਬੀ ਨਾਲ ਨਿਭਾਉਂਦਿਆਂ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਅਤੇ ਸੰਤਾਂ ਦਾ ਧੰਨਵਾਦ ਕੀਤਾ ਗਿਆ। ਇਸ ਦੇ ਨਾਲ ਹੀ ਉਹਨਾਂ ਗੁਰੂ ਘਰ ਲਈ ਨਵੀਂ ਖਰੀਦੀ ਜਗ੍ਹਾ ਅਤੇ ਪਾਰਕਿੰਗ ਲਾਟ ਲਈ ਮਾਇਆ ਨਾਲ ਸਹਿਯੋਗ ਕਰਨ ਲਈ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ। ਇਸ ਮੌਕੇ ਸ਼੍ਰੀ ਸੁਸ਼ੀਲ ਕੁਮਾਰ, ਵਿਜੇ ਕੁਮਾਰ, ਗੁਰੂ ਘਰ ਦੀ ਕਮੇਟੀ ਦੇ ਮੈਂਬਰ ਜਸਵਿੰਦਰ ਸਿੰਘ ਦੇ ਪਿਤਾ ਜੀ, ਜੋ ਕਿ ਭਾਂਰਤ ਤੋਂ ਆਏ ਹਨ, ਦਾ ਸਨਮਾਨ ਕੀਤਾ ਗਿਆ।



# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ












ਬੇ-ਏਰੀਆ- ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੇ ਬੀਤੀ 16 ਨਵੰਬਰ ਨੂੰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਸਮੂਹ ਸੰਗਤ ਅਤੇ ਕਮੇਟੀ ਵੱਲੋਂ ਗੁਰੂ ਘਰ ਵਿਖੇ ਮਨਾਏ ਜਾ ਰਹੇ ਗੁਰਪੁਰਬ ਨੂੰ ਲੈ ਕੇ ਭਾਰੀ ਉਤਸ਼ਾਹ ਸੀ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਸਿੱਖਿਆਵਾਂ ਦਾ ਗੁਣਗਾਣ ਕੀਤਾ। ਇਸ ਮੌਕੇ ਬਲਜੀਤ ਸਿੰਘ ਪਾਲ ਦੇ ਪਰਿਵਾਰ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ।ਇਸ ਮੌਕੇ ਭਾਈਚਾਰੇ ਹਰਮੇਸ਼ ਮੋਧਾਰਾ (ਚੇਅਰਮੈਨ), ਵਿਨੋਦ ਕੁਮਾਰ ਚੁੰਬਰ (ਵਾਈਸ ਚੇਅਰਮੈਨ), ਮਹਿੰਦਰ ਸਿੰਘ ਮਾਹੀ (ਪ੍ਰਧਾਨ), ਜੀਤ ਰਾਮ ਥਿੰਦ, ਭਾਈ ਰਾਇ ਸਿੰਘ ਜੀ ਅਤੇ ਭਾਈ ਬਲਦੇਵ ਸਿੰਘ ਅਤੇ ਉਹਨਾਂ ਦੇ ਜਥੇ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਬਾਰੇ ਦੱਸਿਆ।

ਇਸ ਮੌਕੇ ਵਿਨੋਦ ਕੁਮਾਰ ਚੁੰਬਰ ਨੇ ਸੰਗਤ ਨੂੰ ਗੁਰੂ ਘਰ ਦੇ ਪ੍ਰਾਜੈਕਟ ਬਾਰੇ ਦੰਸਿਆ ਅਤੇ ਸਾਰੀ ਸੰਗਤ ਨੂੰ ਗੁਰੂ ਘਰ ਵਿਖੇ ਚਲਾਏ ਜਾਣ ਵਾਲੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਆਈ ਸੰਗਤ ਦਾ ਧੰਨਵਾਦ ਕੀਤਾ, ਜਿਹਨਾਂ ਨੇ ਗੁਰੂ ਘਰ ਦੇ ਨਿਰਮਾਣ ਲਈ ਸਹਿਯੋਗ ਦਿੱਤਾ। ਇਸ ਮੌਕੇ ਗੁਰੂ ਘਰ ਦੀ ਕਾਰਜਕਾਰੀ ਕਮੇਟੀ ਦੇ ਮੈਂਬਰਾਂ ਨੇ ਭਾਈ ਰਾਏ ਸਿੰਘ ਅਤੇ ਉਹਨਾਂ ਦੇ ਜਥੇ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਅਤੇ ਲੰਗਰ ਸੇਵਾ ਦੇ ਲਈ ਬਲਜੀਤ ਸਿੰਘ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ। ਸਾਰੀ ਕਮੇਟੀ ਨੇ ਗੁਰੂ ਘਰ ਦੀ ਬਿਲਡਿੰਗ ਲਈ ਅੱਗੇ ਹੋ ਕੇ ਸਹਿਯੋਗ ਦੀ ਅਪੀਲ ਕੀਤੀ।

## ਸ਼੍ਰੀ ਗੁਰੂ ਰਵਿਦਾਸ ਗੁਰੂਘਰ ਦੀ ਇਲੈਕਸ਼ਨ 23 ਨਵੰਬਰ ਨੂੰ

ਸ਼੍ਰੀ ਗੁਰੂ ਰਵਿਦਾਸ ਗੁਰੂ ਘਰ 61-01 ਬਰਾਡਵੇਅ, ਨਿਊਯਾਰਕ ਦੀ ਪ੍ਰਬੰਧਕੀ ਕਮੇਟੀ ਅਤੇ ਟਰੱਸਟ ਕਮੇਟੀ ਦੀ ਚੋਣ ਲਈ ਇਲੈਕਸ਼ਨ 23 ਨਵੰਬਰ ਦਿਨ ਐਤਵਾਰ ਨੂੰ ਹੋਣ ਜਾ ਰਹੀ ਹੈ।ਵੋਟ ਪਾਉਣ ਦਾ ਸਮਾਂ ਸਵੇਰੇ 8:00 ਵਜੇ ਤੋਂ ਸ਼ਾਮ 8:00 ਵਜੇ ਤੱਕ ਹੋਵੇਗਾ। ਗੁਰੂ ਘਰ ਦੇ ਸਮੂਹ ਮੈਂਬਰ, ਜਿਨ੍ਹਾਂ ਨੇ ਗੁਰੂਘਰ ਤੋਂ ਮੈਂਬਰਸ਼ਿਪ ਪ੍ਰਾਪਤ ਕੀਤੀ ਹੈ, ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵੋਟਾਂ ਵਾਲ਼ੇ ਦਿਨ ਆਪਣੀ ਫੋਟੋ ਆਈ ਡੀ ਜਰੂਰ ਨਾਲ਼ ਲੈ ਕੇ ਆਉਣਾ ਜੀ।

## ਵਰ ਦੀ ਲੋੜ

ਸੁੰਦਰ, ਸੁਸ਼ੀਲ, ਪੜ੍ਹੀ ਲਿਖੀ ਲੜਕੀ, ਕੰਪਿਊਟਰ ਸਾਇੰਸ ਵਿਚ ਬੀ. ਏ., ਕਾਲਜ ਵਿਚ ਐਮ ਏ. ਇੰਗਲਿਸ਼ ਕਰਕੇ ਲੈਕਚਰਾਰ ਵਜੋਂ ਤਾਇਨਾਤ, ਅਮਰੀਕਾ ਵਿਚ ਭੈਣ ਪੂਰੀ ਤਰ੍ਹਾਂ ਸੈਟਲ, ਜੋ ਅਮਰੀਕਾ ਆਉਣ ਵਿਚ ਮਦਦ ਕਰਨਗੇ, ਕੱਦ 5 ਫੁੱਟ 6 ਇੰਚ, ਉਮਰ 25 ਸਾਲ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ ਸੰਪਰਕ ਕਰਨ 916-296-6713 ਜਾਂ 916-563-9765

# ਤਿੰਨ ਰੋਜ਼ਾ 23ਵੇਂ ਗ਼ਦਰੀ ਬਾਬਿਆਂ ਦੇ ਮੇਲੇ ਦੌਰਾਨ ਲੋਕਾਂ ਦਾ ਹੜ੍ਹ ਆਇਆ


















**ਬਜਬਜ ਘਾਟ ਨਗਰ–** ਗ਼ਦਰੀ ਬਾਬਿਆਂ ਦਾ ਤਿੰਨ ਰੋਜ਼ਾ 23ਵਾਂ ਮੇਲਾ ਜਦੋਂ ਸਿਖਰਾਂ 'ਤੇ ਪੁੱਜਿਆ ਤਾਂ ਪੰਜਾਬ ਬੰਦ ਦੇ ਸੱਦੇ ਦੇ ਬਾਵਜੂਦ, ਦੇਸ਼ ਭਗਤ ਯਾਦਗਾਰ ਹਾਲ ਵਿੱਚ ਲੋਕਾਂ ਦਾ ਹੜ੍ਹ ਆ ਗਿਆ। ਲੋਕਾਂ ਨੇ ਗ਼ਦਰੀ ਸ਼ਹੀਦਾਂ ਅਤੇ 1857 ਦੇ ਬਾਗ਼ੀ ਫੌਜੀਆਂ ਦੀਆਂ ਅਸਥੀਆਂ ਨੂੰ ਸਿਜਦਾ ਕੀਤਾ ਜੋ ਮੇਲੇ 'ਚ ਸਸ਼ੋਭਤ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਜੀ ਆਇਆਂ ਕਹਿੰਦਿਆਂ ਵਿਸ਼ਵਾਸ ਦੁਆਇਆ ਕਿ ਕਮੇਟੀ ਲੋਕਾਂ ਦੀਆਂ ਭਾਵਨਾਵਾਂ 'ਤੇ ਹਮੇਸ਼ਾਂ ਫੁੱਲ ਝੜਾਉਂਦੀ ਰਹੇਗੀ। ਕਮੇਟੀ ਮੈਂਬਰ ਗੁਰਮੀਤ ਢੱਡਾ ਨੇ ਗ਼ਦਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਦਿਆਂ ਲੋਕਾਂ ਨੂੰ ਭੁੱਲੇ ਵਿਸਰੇ ਸ਼ਹੀਦਾਂ ਦੀ ਵਿਰਾਸਤ ਨੂੰ ਸੰਭਾਲਣ ਦੀ ਅਪੀਲ ਕੀਤੀ। ਅੱਜ ਦੇ ਦਿਨ ਦੀ ਸਭ ਤੋਂ ਵੱਧ ਆਕਰਸ਼ਤ ਕਲਾ ਵੰਨਗੀ ਅਮੋਲਕ ਸਿੰਘ ਦੇ ਝੰਡੇ ਦੇ ਗੀਤ ਨੇ ਕਲਾ, ਸੰਗੀਤ ਅਤੇ ਰੰਗ-ਮੰਚ ਦੇ ਝੰਡੇ ਗੱਡ ਦਿੱਤੇ। 150 ਤੋਂ ਵੱਧ ਕਲਾਕਾਰਾਂ ਨੇ ਜਿੱਥੇ 100 ਵਰ੍ਹੇ ਪਹਿਲਾਂ ਦੇ ਗ਼ਦਰੀ ਇਤਿਹਾਸ ਦੇ ਦੀਦਾਰ ਕਰਵਾਏ ਉਥੇ ਭੁੱਖਮਰੀ, ਕਰਜ਼ੇ, ਬਿਮਾਰੀਆਂ, ਜਾਤ-ਪਾਤ ਵਿਤਕਰੇਬਾਜ਼ੀ, ਬੇਰੁਜ਼ਗਾਰੀ, ਆਤਮ ਹੱਤਿਆ ਵਰਗੀਆਂ ਸਮੱਸਿਆਵਾਂ ਨੂੰ ਕਲਾ ਰੂਪ ਰਾਹੀਂ ਪੇਸ਼ ਕੀਤਾ। ਕਰਜ਼ੇ, ਭੁੱਖਮਰੀ ਦੇ ਮਾਰੇ ਲੋਕਾਂ ਦਾ ਵਿਦੇਸ਼ ਜਾਣਾ, ਵਿਦੇਸ਼ 'ਚ ਧੱਕੇ, ਨਸਲੀ ਵਿਤਕਰੇ, ਕਾਮਾਗਾਟਾ ਮਾਰੂ ਨੂੰ ਵੈਨਕੂਵਰ ਦੇ ਪਾਣੀਆਂ 'ਚ ਦੋ ਮਹੀਨੇ ਰੋਕਣਾ, ਮੁਸਾਫ਼ਰਾਂ ਉਪਰ ਜਬਰ, ਵਾਪਸੀ ਮੌਕੇ ਬਜਬਜ ਘਾਟ 'ਤੇ ਖ਼ੂਨੀ ਸਾਕਾ, ਮੁਸਾਫ਼ਰਾਂ ਦੇ ਪਰਿਵਾਰਾਂ ਦੀ ਹਾਲਤ, 100 ਵਰ੍ਹੇ ਪਿਛੋਂ ਅੱਜ ਫੇਰ ਲੋਕਾਂ ਦੀ ਉਸ ਤੋਂ ਵੀ ਵੱਧ ਮੰਦਹਾਲੀ, ਪਰਦੇਸਾਂ 'ਚ ਰੁਲਦੀ ਜੁਆਨੀ, ਗੰਦੇ ਸਭਿਆਚਾਰ ਅਤੇ ਰਵਾਇਤੀ ਮੇਲਿਆਂ ਬਾਰੇ ਜਾਗਰੂਕ ਕਰਦੇ ਝੰਡੇ ਦੇ ਗੀਤ ਨੇ ਪ੍ਰੇਰਨਾ ਮਈ ਅਤੇ ਜੋਸ਼ੀਲੇ ਅੰਦਾਜ਼ 'ਚ ਲੋਕਾਂ ਨੂੰ ਨਵੇਂ ਗ਼ਦਰ, ਨਵੀਂ ਆਜ਼ਾਦੀ, ਨਵੀਂ ਕਰਾਂਤੀ ਦਾ ਹੋਕਾ ਦਿੱਤਾ। ਗੀਤ 'ਚ ਇਤਿਹਾਸ, ਨ੍ਰਿਤ, ਸੰਗੀਤ, ਰੰਗ ਮੰਚ ਅਤੇ ਲੋਕ-ਬੋਲੀਆਂ ਦੇ ਰੰਗ 'ਚ ਲੋਕਾਂ ਦਾ ਮਨ ਮੋਹ ਲਿਆ ਅਤੇ ਉਹ ਤਾੜੀਆਂ ਦੀ ਗੂੰਜ ਪਾਉਂਦੇ ਰਹੇ। ਪੰਜਾਬ ਦੀ ਲੋਕ-ਗਾਇਕੀ 'ਚ ਇਹ ਆਪਣੇ ਆਪ ਵਿੱਚ ਇੱਕ ਨਵੀਂ ਵੰਨਗੀ ਹੈ। ਇਤਿਹਾਸ, ਰੰਗ-ਮੰਚ, ਸੰਗੀਤ, ਨ੍ਰਿਤ ਦੇ ਸੰਗਮ ਰਾਹੀਂ ਝੰਡੇ ਦੇ ਗੀਤ ਨੇ ਲੋਕਾਂ ਉਪਰ ਨਿਵੇਕਲਾ ਜਾਦੂ ਕੀਤਾ। ਸ਼ਹੀਦ ਭਗਤ ਸਿੰਘ ਸਟੇਡੀਅਮ 'ਚ ਹੋਏ ਸਮਾਗਮ ਮੌਕੇ ਬੋਲਦਿਆਂ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿਲੋਂ ਨੇ ਕਿਹਾ ਕਿ ਗ਼ਦਰੀ ਇਤਿਹਾਸ ਦੀਆਂ ਪੈੜਾਂ ਅਮਿੱਟ ਹਨ। ਅਜੋਕੇ ਸਮੇਂ ਅੰਦਰ ਉਨ੍ਹਾਂ ਦੀ ਕਰਨੀ ਸਾਡਾ ਰਾਹ ਦਸੇਰਾ ਹੈ। ਦਰਜਨ ਤੋਂ ਵੱਧ ਕਾਮਾਗਾਟਾ ਮਾਰੂ ਸਾਕੇ ਦੇ ਪਰਿਵਾਰਾਂ, ਵਾਰਸਾਂ, ਨਗਰਾਂ ਦਾ, ਗ਼ਦਰੀ ਮੇਲੇ 'ਚ ਸਨਮਾਨ ਕੀਤਾ ਗਿਆ। ਜਿਨ੍ਹਾਂ ਵਿੱਚ ਬਾਬਾ ਗੁਰਦਿੱਤ ਸਿੰਘ ਸਰਹਾਲੀ, ਕੋਟ ਦਾਤਾ, ਦਦੇਹਰ ਸਾਹਿਬ, ਛੱਜਲਵੱਢੀ, ਲਲਤੋਂ, ਮੂਮ, ਅੱਚਰਵਾਲ, ਰਾਏਪੁਰ ਡੱਬਾ, ਖੁਰਦਪੁਰ, ਢੱਡਾ, ਕੋਟ ਫਤੂਹੀ ਅਤੇ ਰੰਧਾਵਾ ਮਸੰਦਾਂ ਦੇ ਕਾਮਾਗਾਟਾ ਮਾਰੂ ਦੇ ਸ਼ਹੀਦਾਂ/ਮੁਸਾਫ਼ਰਾਂ ਦੇ ਪਰਿਵਾਰਾਂ, ਉਹਨਾਂ ਦੇ ਵਾਰਸਾਂ, ਯਾਦਗਾਰ ਕਮੇਟੀਆਂ, ਸਰਪੰਚਾਂ ਦਾ ਨਿੱਘਾ ਸਨਮਾਨ ਕੀਤਾ ਗਿਆ।

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ









**ਫਰਿਜ਼ਨੋ–** ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਬੀਤੇ ਦਿਨੀਂ ਪ੍ਰੇਮ ਮੋਮੀ ਦੇ ਪਰਿਵਾਰ, ਭਰਾਵਾਂ ਅਤੇ ਭੈਣਾਂ ਵੱਲੋਂ ਆਪਣੇ ਪਿਤਾ ਸਵਰਗੀ ਚੌਧਰੀ ਚੰਨਣ ਰਾਮ ਜੀ ਦੀ ਯਾਦ ਵਿਚ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ ਗਏ। ਇਸ ਮੌਕੇ ਭਾਰੀ ਗਿਣਤੀ ਵਿਚ ਸੰਗਤਾਂ ਨੇ ਆਪਣੀਆਂ ਹਾਜਰੀਆਂ ਲਗਵਾਈਆਂ। ਇਸ ਮੌਕੇ ਸੰਤ ਸ਼ਾਮ ਦਾਸ ਜੀ, ਮਾਹਿਲ ਗਹਿਲਾ (ਸ਼ਹੀਦ ਭਗਤ ਸਿੰਘ ਨਗਰ, ਪੰਜਾਬ) ਨੇ ਪ੍ਰਵਚਨ ਕੀਤੇ। ਸਟੇਜ ਦੀ ਸੇਵਾ ਪ੍ਰਧਾਨ ਸ੍ਰੀ ਕਰਮ ਸਿੰਘ ਬੰਗੜ ਵੱਲੋਂ ਨਿਭਾਈ ਗਈ।

# ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਨੇ ਯੂਬਾ ਸਿਟੀ ਨਗਰ ਕੀਰਤਨ ਵਿਚ ਹਾਜ਼ਰੀ ਲਗਵਾਈ

**ਯੂਬਾ ਸਿਟੀ–** ਅਮਰੀਕਾ (ਕੈਲੀਫੋਰਨੀਆ) ਦੇ ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਸ਼ਹਿਰ ਯੂਬਾ ਸਿਟੀ ਨੂੰ ਪਿਛਲੇ 35 ਸਾਲਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਗੱਦੀ ਨੂੰ ਸਮਰਪਿਤ ਨਗਰ ਕੀਰਤਨ ਸਜਾਉਣ ਦਾ ਸੁਭਾਗ ਪ੍ਰਾਪਤ ਹੈ।

ਇਸ ਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਰਤ ਤੋਂ ਬਾਹਰ ਸਿੱਖੀ ਦੇ ਪ੍ਰਚਾਰ ਲਈ ਸਥਾਪਤ ਕੀਤੇ ਜਾਣ ਵਾਲੇ ਪ੍ਰਚਾਰ ਕੇਂਦਰ ਕਾਰਨ ਯੂਬਾ ਸਿਟੀ ਦੇ ਹਿੱਸੇ ਇਕ ਹੋਰ ਸਨਮਾਨ ਪ੍ਰਾਪਤ ਹੋ ਗਿਆ ਹੈ।

2 ਨਵੰਬਰ ਦੇ ਇਸ 35ਵੇਂ ਸਾਲਾਨਾ ਨਗਰ ਕੀਰਤਨ ਵਿਚ ਲੱਗਭੱਗ 80 ਹਜ਼ਾਰ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਨਗਰ ਕੀਰਤਨ ਦਾ ਆਰੰਭ ਸਵੇਰੇ 11 ਵਜੇ ਹੋਇਆ ਅਤੇ ਸਾਢੇ 4 ਮੀਲ ਦਾ ਰਸਤਾ ਤਹਿ ਕਰਕੇ ਸੰਗਤਾਂ ਸ਼ਾਮੀ ਸਾਢੇ 4 ਵਜੇ ਗੁਰਦੁਆਰੇ ਵਿਚ ਵਾਪਸ ਪੁੱਜੀਆਂ।

ਨਗਰ ਕੀਰਤਨ ਤੋਂ ਪਹਿਲਾਂ ਲੱਗਭੱਗ ਇਕ ਮਹੀਨੇ ਤੋਂ ਧਾਰਮਿਕ ਸਮਾਗਮ ਅਤੇ ਰਸਮਾਂ ਦੀ ਸ਼ੁਰੂਆਤ ਹੋਈ, ਜਿਸ ਵਿਚ ਅਖੰਡ ਪਾਠ, ਕਥਾ ਕੀਰਤਨ, ਕਵੀਸਰੀ, ਕਵੀ ਦਰਬਾਰ ਅਤੇ ਰੈਣ ਸੁਬਾਈ ਕੀਰਤਨ ਆਦਿ ਨੂੰ ਵੀ ਬਣਦਾ ਸਨਮਾਨ ਦਿੱਤਾ ਗਿਆ। ਅੰਤਿਮ ਅਖੰਡ ਪਾਠ ਦੇ ਤਿੰਨਾਂ ਦਿਨਾਂ ਦੌਰਾਨ ਵਿੱਕਰੀ ਦੇ ਸਮਾਨ ਅਤੇ ਹੋਰ ਸਾਜੋ-ਸਮਾਨ ਦੀ ਵਿੱਕਰੀ ਅਤੇ



ਨੁਮਾਇਸ਼ ਤੋਂ ਇਲਾਵਾ ਧਾਰਮਕਿ ਨਾਨ ਪਰਾਫਿਟ ਸੰਸਥਾਵਾਂ ਨੇ ਵੀ ਸਿੱਖੀ ਦੇ ਪ੍ਰਚਾਰ ਹਿਤ ਗੁਰੂ ਘਰ ਵਿਚ ਆਪਣੀ ਹਾਜ਼ਰੀ ਲਗਵਾਉਂਦਾ ਆ ਰਿਹਾ ਹੈ। ਪ੍ਰੋ. ਸੁਰਜੀਤ ਸਿੰਘ ਨਨੂਆ, ਸ. ਪ੍ਰਮਿੰਦਰ ਸਿੰਘ ਪਰਵਾਨਾ ਅਤੇ ਬੀਬੀ ਗੁਰਦੇਵ ਕੌਰ ਖਾਲਸਾ ਨੇ ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਦਾ ਪ੍ਰਚਾਰ ਬੂਥ ਲਗਾ ਕੇ ਗੁਰਸਿੱਖਾਂ ਨੂੰ ਮਿਸ਼ਨ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੰਦਿਆਂ ਮੁਫਤ ਧਾਰਮਿਕ ਲਿਟਰੇਚਰ ਅਤੇ ਪੁਸਤਕਾਂ ਵੰਡੀਆਂ। ਆਲਮੀ ਸਿੱਖ ਰਹਿਤ ਪ੍ਰਚਾਰ ਮਿਬਨ ਦੇ ਮਨੋਰਥ ਬਾਰੇ ਜਾਣਕਾਰੀ ਨੂੰ ਅਖਬਾਰਾਂ ਰਾਹੀਂ ਵੀ ਸਾਂਝਾ ਕਰਨ ਹਿਤ ਗੁਰਸਿੱਖਾਂ ਨੂੰ ਐਸਪਰਮ-1 ਤੋਂ ਲੈ ਕੇ ਐਸਪਰਮ 12 ਤੱਕ ਦੀਆ ਯੂ- ਟਿਊਬ ਤੇ ਪਾਈਆਂ ਵੀਡੀਓ ਵੇਖਣ ਲਈ ਬਹੁਤ ਹੀ ਨਿਮਰਤਾ ਨਾਲ ਬੇਨਤੀ ਕੀਤੀ ਜਾਂਦੀ ਹੈ।

# ਦਲਿਤ ਧਰਮ- ਪਰਿਵਰਤਨ- ਇਤਿਹਾਸਕ ਦਸਤਾਵੇਜ਼



ਬਲਵੀਰ ਮਾਧੋਪੁਰੀ
91-935-054-8100

### ਦਲਿਤ ਕਾਨਫਰੰਸ
### ਅੰਬੇਡਕਰ ਦਾ ਸੰਦੇਸ਼
### ਧਰਮ ਪਰਿਵਰਤਨ ਸਬੰਧੀ ਬਹਿਸ

ਲਖਨਊ, 23 ਮਈ- ਡਾ. ਅੰਬੇਦਕਰ ਦੇ ਬਿਮਾਰੀ ਦੇ ਕਾਰਨ ਨਾ ਆ ਸਕਣ ਨਾਲ ਅਖਿਲ ਭਾਰਤੀ ਦਲਿਤ-ਕਾਨਫਰੰਸ ਕੱਲ੍ਹ ਸ਼ਾਮ ਨੂੰ ਬਾਬਾ ਹਰੀ ਦਾਸ ਜੀ ਦੀ ਪ੍ਰਧਾਨਗੀ ਹੇਠ ਹੋਈ। ਸਿੱਖ, ਮੁਸਲਮਾਨ ਤੇ ਈਸਾਈ ਮਤ ਦੇ ਧਰਮ-ਪ੍ਰਚਾਰਕ ਹਾਜ਼ਰ ਸਨ। ਉਹਨਾਂ ਨੇ ਹਾਜ਼ਰ ਲੋਕਾਂ ਵਿਚ ਆਪਣਾ-ਆਪਣਾ ਧਰਮ-ਸਾਹਿਤ ਵੰਡਿਆ। ਧਰਮਾਂ ਦੇ ਸਬੰਧ ਵਿਚ ਇਕ ਬਹਿਸ ਹੋਈ, ਜਿਸ ਵਿਚ ਸਭ ਲੋਕਾਂ ਨੇ ਆਪਣੇ-ਆਪਣੇ ਧਰਮ ਦੀਆਂ ਖੂਬੀਆਂ ਤੇ ਸਮਾਜਿਕ ਸਮਾਨਤਾ ਦੱਸੀ, ਜਿਸ ਉਤੇ ਅੱਜ ਵਿਚਾਰ ਹੋਵੇਗਾ।

ਡਾ. ਅੰਬੇਦਕਰ ਨੇ ਇਕ ਸੰਦੇਸ਼ ਭੇਜ ਕੇ ਲੋਕਾਂ ਨੂੰ ਕਿਹਾ ਕਿ ਉਹ ਆਪਣੀ ਸਹਿਜ ਬੁੱਧੀ ਨਾਲ ਧਰਮ-ਪਰਿਵਰਤਨ ਸਬੰਧੀ ਉਚਿਤ ਫੈਸਲਾ ਲੈਣ।

ਹਿੰਦੁਸਤਾਨ (ਹਿੰਦੀ ਦੈਨਿਕ), 24 ਮਹ., 1936, ਪੰਨਾ 3

### ਲਖਨਊ ਵਿਚ ਸਰਬ ਧਰਮ-ਸੰਮੇਲਨ
### ਦਲਿਤ ਮਹਾਂ ਸੰਮੇਲਨ ਦਾ ਆਯੋਜਨ

ਲਖਨਊ, 13 ਅਪ੍ਰੈਲ- ਅਖਿਲ ਭਾਰਤੀ ਆਦਿ ਦ੍ਰਵਿੜ ਦਲਿਤ ਸੰਮੇਲਨ ਲਖਨਊ ਦੇ ਸਕੱਤਰ ਸਾਹਿਬ ਲਿਖਦੇ ਹਨ:-

ਸਾਰਿਆਂ ਨੂੰ ਪਤਾ ਹੀ ਹੈ ਕਿ ਡਾ. ਅੰਬੇਦਕਰ ਨੇ ਨਾਸਿਕ ਵਾਲੇ ਦਲਿਤ ਸੰਮੇਲਨ ਵਿਚ ਜੋ ਪਿਛਲੇ ਅਕਤੂਬਰ ਵਿਚ ਹੋਇਆ ਸੀ, ਆਪਣੇ ਭਾਸ਼ਣ ਵਿਚ ਕਿਹਾ ਸੀ ਕਿ ਜੇ ਹਿੰਦੂ ਸਾਨੂੰ ਬਰਾਬਰੀ ਦੇ ਵਿਵਹਾਰ ਵਾਲੇ ਇਨਸਾਨ ਨਹੀਂ ਸਮਝਦੇ ਤਾਂ ਫਿਰ ਸਾਨੂੰ ਕਿਸੇ ਅਜਿਹੇ ਧਰਮ ਵਿਚ ਸ਼ਾਮਲ ਹੋ ਜਾਣਾ ਚਾਹੀਦਾ ਹੈ, ਜਿੱਥੇ ਸਾਨੂੰ ਸਮਾਜਿਕ ਅਤੇ ਧਾਰਮਿਕ ਏਕਤਾ ਪ੍ਰਾਪਤ ਹੋ ਜਾਵੇ। ਉਸ ਸੰਮੇਲਨ ਵਿਚ ਵੀ ਇਸ ਆਸ਼ੇ ਦਾ ਮਤਾ ਪਾਸ ਹੋਇਆ ਸੀ। ਸਾਰੇ ਭਾਰਤ, ਬਰਮਾ ਤੇ ਲੰਕਾ ਦੇ ਦਲਿਤਾਂ ਨੇ ਇਸ ਮਤੇ ਦਾ ਪੂਰੀ ਤਰ੍ਹਾਂ ਸਮਰਥਨ ਕੀਤਾ ਹੈ। ਉਸ ਤੋਂ ਬਾਅਦ ਕਈ ਧਰਮਾਂ ਵੱਲੋਂ ਸੱਦੇ ਆ ਚੁੱਕੇ ਹਨ ਅਤੇ ਕਈ ਡੈਪੂਟੇਸ਼ਨ ਡਾ. ਅੰਬੇਦਕਰ ਨਾਲ ਮੁਲਾਕਾਤ ਵੀ ਕਰ ਚੁੱਕੇ ਹਨ। ਹੁਣ ਅਖਿਲ ਭਾਰਤੀ ਆਦਿ ਦ੍ਰਵਿੜ ਮਹਾਂਸੰਮੇਲਨ ਦੀ ਸਵਾਗਤ ਕਮੇਟੀ ਨੇ ਫੈਸਲਾ ਲਿਆ ਹੈ ਕਿ ਸੰਮੇਲਨ ਦੇ ਇਜਲਾਸ ਮੌਕੇ ਉਤੇ ਜੋ 22 ਤੋਂ 24 ਮਈ ਨੂੰ ਡਾ. ਅੰਬੇਦਕਰ ਦੀ ਪ੍ਰਧਾਨਗੀ ਹੇਠ ਹੋਵੇਗਾ, ਇਕ ਸਰਬ ਧਰਮ ਸੰਮੇਲਨ ਬੁਲਾਇਆ ਜਾਵੇ ਤਾਂ ਕਿ ਮਹਾਂਸੰਮੇਲਨ ਦੇ ਡੈਲੀਗੇਟ ਇਹ ਫੈਸਲਾ ਕਰ ਸਕਣ ਕਿ ਕਿਹੜਾ ਧਰਮ ਸ੍ਰੇਸ਼ਟ ਹੈ। ਇਹ ਸਰਬ ਧਰਮ-ਸੰਮੇਲਨ 22 ਮਈ ਨੂੰ ਹੋਵੇਗਾ। ਸਵਾਗਤ ਕਮੇਟੀ ਦੇ ਸਿੱਖ, ਹਿੰਦੂ ਤੇ ਇਸਾਈ, ਮੁਸਲਿਮ ਤੇ ਬੋਧੀ ਸੰਸਥਾਵਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਇਸ ਮੌਕੇ ਉਤੇ ਆਪਣੇ ਅਜਿਹੇ ਵਿਦਵਾਨਾਂ ਨੂੰ ਭੇਜਣ ਕਿ ਜੋ ਸੰਮੇਲਨ ਵਿਚ ਆਪਣੇ ਧਰਮ ਦੀਆਂ ਵਿਸ਼ੇਸ਼ਤਾਵਾਂ ਚੰਗੀ ਤਰ੍ਹਾਂ ਸਮਝਾ ਸਕਣ। ਉਹਨਾਂ ਦੀਆਂ ਗੱਲਾਂ ਸੁਣ ਕੇ ਅਛੂਤ 23, 24 ਮਈ ਨੂੰ ਇਸ ਉਤੇ ਵਿਚਾਰ ਕਰਨਗੇ ਕਿ ਕਿਹੜਾ ਸ਼੍ਰੇਸ਼ਟ ਹੈ।

**ਹਿੰਦੁਸਤਾਨ (ਹਿੰਦੀ ਦੈਨਿਕ), 14 ਅਪ੍ਰੈਲ, 1936, ਪੰਨਾ 3**

### ਦਲਿਤ-ਨੇਤਾ ਸੰਮੇਲਨ

ਪੁਰਾਣੇ ਧਰਮ ਸ਼ਾਸਤਰ ਅਜਾਇਬਘਰ ਵਿਚ ਰੱਖ ਦਿਓ
ਦਲਿਤ ਜਾਤੀਆਂ ਨੂੰ ਸੱਚੀ ਪ੍ਰਤੀਨਿਧਤਾ ਨਹੀਂ ਮਿਲਦੀ
ਉਨਾਂਵ, 1 ਮਈ

ਆਦਿ ਹਿੰਦੂ ਦਲਿਤ ਜਾਤੀਆਂ ਦੇ ਨੇਤਾ ਸੰਮੇਲਨ ਦੇ ਪ੍ਰਧਾਨ ਰਾਇ ਸਾਹਿਬ ਮੁਨਸ਼ੀ ਹਰੀ ਪ੍ਰਸਾਦ ਟਮਟਾ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਉਂਝ ਸਾਰੇ ਹੀ ਸੰਸਾਰ ਵਿਚ ਬੇਰੁਜ਼ਗਰੀ ਫੈਲੀ ਹੋਈ ਹੈ, ਪਰ ਤੁਹਾਡੇ ਕਾਰਨ ਦਲਿਤ ਜਾਤੀਆਂ ਨੂੰ ਵੱਡਾ ਨੁਕਸਾਨ ਹੋਇਆ ਹੈ। ਲੋੜੀਂਦੀ ਯੋਗਤਾ ਹੋਣ ਦੇ ਬਾਵਜੂਦ 'ਤੇ ਵੀ ਦਲਿਤਾਂ ਨੂੰ ਸਰਕਾਰੀ ਨੌਕਰੀ ਨਹੀਂ ਮਿਲਦੀ। ਪੇਂਡੂ ਧੰਦੇ ਵੀ ਤਾਂ ਸਾਡੇ ਤੋਂ ਖੋਹੇ ਜਾ ਰਹੇ ਹਨ। ਸਰਕਾਰ ਵੀ ਇਸ ਪਾਸੇ ਧਿਆਨ ਨਹੀਂ ਦਿੰਦੀ। ਲੋਕਲ ਬੋਰਡਾਂ ਵਿਚ ਸਾਡੀ ਪ੍ਰਤੀਨਿਧਤਾ ਕਰਨ ਲਈ ਗੈਰ-ਦਲਿਤਾਂ ਨੂੰ ਨਾਮਜ਼ਦ ਕਰਕੇ ਸਰਕਾਰ ਸਾਡੇ ਨਾਲ ਅੰਨਿਆ ਕਰਦੀ ਹੈ। ਨਵੀਂ ਕੌਂਸਲ ਵਿਚ ਹਰੀਜਨਾਂ ਨੂੰ ਜੋ ਸੀਟ ਰਿਜ਼ਰਵ ਹਨ, ਉਹਨਾਂ ਲਈ ਸਿਰਫ ਹਰੀਜਨਾਂ ਨੂੰ ਹੀ ਨਾਮਜ਼ਦ ਕੀਤਾ ਜਾਵੇ। ਪੂਨਾ ਪੈਕਟ ਕਾਰਨ ਸਾਡਾ ਕੰਮ ਮੁਸ਼ਕਿਲ ਹੋ ਗਿਆ ਹੈ। ਪਰ ਤਾਂ ਵੀ ਸਾਨੂੰ ਸੰਗਠਿਤ ਹੋ ਕੇ ਸਫਲਤਾ ਵਾਸਤੇ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ।

**ਧਰਮ ਪਰਿਵਰਤਨ:-**

ਡਾ. ਅੰਬੇਦਕਰ ਦੇ ਧਰਮ ਪਰਿਵਰਤਨ ਕਰਨ ਦੇ ਅੰਦੋਲਨ ਦੀ ਚਰਚਾ ਕਰਦਿਆਂ ਰਾਇ ਸਾਹਿਬ ਨ ਡਾ. ਅੰਬੇਦਕਰ ਅਤੇ ਉਹਨਾਂ ਦੇ ਸਾਥੀਆਂ ਨੂੰ ਕਾਹਲੀ ਨਾ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਹਿੰਦੂ ਨੇਤਾਵਾਂ ਨੂੰ ਸੱਦ ਕੇ ਮਾਨਵ-ਧਰਮ-ਸ਼ਾਸਤਰ ਆਦਿ ਸਮ੍ਰਿਤੀਆਂ ਵਿਚ ਸੋਧ ਕਰਨੀ ਚਾਹੀਦੀ ਹੈ, ਜਿਸ ਨਾਲ ਇਹ ਸਮਾਜਿਕ ਭੇਦਭਾਵ ਮਿਟ ਜਾਵੇ। ਹੁਣ ਇਹਨਾਂ ਪੁਰਾਣੇ ਗ੍ਰੰਥਾਂ ਨੂੰ ਅਜਾਇਬ ਘਰ ਵਿਚ ਰੱਖ ਦੇਣਾ ਚਾਹੀਦਾ ਹੈ, ਜਿਸ ਤੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਤਾ ਲੱਗਦਾ ਰਹੇ ਕਿ ਕਰੋੜਾਂ ਹਿੰਦੂਆਂ ਦੇ ਸਾਥ ਨਾਲ ਇਹਨਾਂ ਸ਼ਾਸਤਰਾਂ ਦੇ ਕਾਰਨ ਕਿਵੇਂ ਦਾ ਅਣਮਨੁੱਖੀ ਵਿਹਾਰ ਹੁੰਦਾ ਸੀ।

ਹਿੰਦੁਸਤਾਨ (ਹਿੰਦੀ ਦੈਨਿਕ), 2 ਮਈ 1936, ਪੰਨਾ 3

### ਹਰੀਜਨਾਂ ਦਾ ਧਰਮ-ਪਰਿਵਰਤਨ
### ਪੰਜਾਹ ਹਰੀਜਨ ਸਿੱਖ ਬਣੇ

ਡਾ. ਅੰਬੇਦਕਰ ਵੀ ਹਾਜ਼ਰ ਸਨ
ਅੰਮ੍ਰਿਤਸਰ ਵਿਚ ਸਮਾਰੋਹ

ਅੰਮ੍ਰਿਤਸਰ 13 ਅਪ੍ਰੈਲ- ਕੱਲ੍ਹ ਅਕਾਲੀਆਨ ਬਾਗ ਵਿਚ ਅਖਿਲ ਭਾਰਤੀ ਸਿੱਖ ਮਿਸ਼ਨ ਦੀ ਕਾਨਫਰੰਸ ਹੋਈ, ਜਿਸ ਵਿਚ ਥਿਆ (ਸ਼ੀਆ) ਨੇਤਾਵਾਂ ਸਹਿਤ 50 ਹਰੀਜਨਾਂ ਨੇ ਸਿੱਖ ਧਰਮ ਸਵੀਕਾਰ ਕੀਤਾ ਤੇ ਉਹਨਾਂ ਨੂੰ ਨਿਯਮ ਅਨੁਸਾਰ ਸਿੱਖ ਨਾਮ ਤੇ ਕਿਰਪਾਨਾਂ ਦਿੱਤੀਆਂ ਗਈਆਂ। ਕਰੀਬ 25000 ਦੀ ਹਾਜ਼ਰੀ ਸੀ।

ਜਗਤ ਗੁਰੂ ਸ਼ੰਕਰਾਚਾਰੀਆ ਨੇ ਵੀ ਕਾਨਫਰੰਸ ਨੂੰ ਆਸ਼ੀਰਵਾਦ ਭੇਜਿਆ ਸੀ ਤੇ ਸਿੱਖ ਧਰਮ ਨੂੰ ਦੂਜੇ ਮਤਾਂ ਦੀ ਤੁਲਨਾ ਅਛੂਤਾਂ ਦੇ ਲਈ ਮਤ-ਪਰਿਵਰਤਨ ਹਿਤ ਵਿਸ਼ੇਸ਼ਤਾ ਦਿੱਤੀ ਸੀ।

ਦਿੱਲੀ ਦੇ ਰਾਇ ਬਹਾਦੁਰ ਵਸਾਖਾ ਸਿੰਘ ਤੇ ਸਵਾਗਤੀ ਪ੍ਰਧਾਨ ਦੀ ਹੈਸੀਅਤ ਨਾਲ ਸਿੱਖ ਧਰਮ ਵਿਚ ਕਿਸੇ ਜਾਤ-ਪਾਤ ਦਾ ਝਮੇਲਾ ਨਾ ਦੱਸਦਿਆਂ ਕਿਹਾ ਕਿ ਸਾਨੂੰ ਸਧਾਰਨ ਪਰਜਾ ਅਤੇ ਅਛੂਤਾਂ ਨੂੰ ਉਪਰ ਚੁੱਕਣ ਲਈ ਖੂਹ, ਸਕੂਲ ਤੇ ਕਾਲਜ ਆਦਿ ਖੋਲ੍ਹਣੇ ਚਾਹੀਦੇ ਹਨ।

ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤਹਿਤ ਅਛੂਤ-ਉਧਾਰ ਲਈ ਅਖਿਲ ਭਾਰਤੀ ਮਿਸ਼ਨ ਸਥਾਪਤ ਕਰਨ ਦਾ ਨਿਸਚਾ ਕੀਤਾ ਹੈ।

ਅੰਤ ਵਿਚ, ਡਾ. ਅੰਬੇਦਕਰ ਨੇ ਸੰਖੇਪ ਭਾਸ਼ਣ ਵਿਚ ਕਿਹਾ ਕਿ ਸਮਾਜਿਕ ਅਸਮਾਨਤਾ ਨਾਲ ਭਰੀ ਹਰੀਜਨਾਂ ਦੀ ਸਮੱਸਿਆ ਉਤੇ ਸਾਰੀਆਂ ਜਾਤਾਂ ਵਿਚ ਹਲਚਲ ਤਾਂ ਸ਼ੁਰੂ ਹੋ ਗਈ ਹੈ, ਪਰ ਅਜੇ ਮੈਂ ਆਪਣੇ ਭਵਿੱਖ ਦੇ ਵਿਸ਼ੇ ਸਬੰਧੀ ਕੁਝ ਨਹੀਂ ਕਹਿ ਸਕਦਾ। ਹਾਂ, ਮੈਂ ਇਸ ਨੂੰ ਪਸੰਦ ਕਰਦਾ ਹਾਂ।

ਹਿੰਦੁਸਤਾਨ (ਹਿੰਦੀ ਦੈਨਿਕ), 14 ਅਪ੍ਰੈਲ, 1936, ਪੰਨਾ 3

### ਆਦਿ ਹਿੰਦੂ ਸੰਮੇਲਨ

ਧਰਮ ਪਰਿਵਰਤਨ ਦਾ ਸਮਰਥਨ ਉਤੇ ਅਗਲੇ ਸੰਮੇਲਨ ਤੱਕ ਰੁਕਣ ਦੀ ਪ੍ਰਾਰਥਨਾ
'ਹਰੀਜਨ' ਸ਼ਬਦ ਦੀ ਵਰਤੋਂ ਦਾ ਵਿਰੋਧ
ਲਖਨਊ, 25 ਮਈ

ਕਲਕੱਤੇ ਵਿਚ ਡਾਕਟਰ ਰਸਿਕ ਲਾਲ ਵਿਸ਼ਵਾਸ ਦੀ ਪ੍ਰਧਾਨਗੀ ਹੇਠ ਪਿਛਲੇ ਦੋ ਦਿਨ ਲਖਨਊ ਵਿਚ ਜੋ ਸਰਬ ਭਾਰਤੀ ਆਦਿ ਹਿੰਦੂ ਦਲਿਤ ਵਰਗ ਸੰਮੇਲਨ ਹੋਇਆ, ਉਸ ਵਿਚ ਮਤਾ ਪਾਸ ਕਰਕੇ ਦਲਿਤ ਵਰਗ ਦੇ ਲੋਕਾਂ ਨੂੰ ਕਿਹਾ ਗਿਆ ਕਿ ਅਗਲੇ ਸਰਬ ਭਾਰਤੀ ਸੰਮੇਲਨਾਂ ਵਿਚ ਅੰਤਿਮ ਨਿਸ਼ਚਾ ਹੋਣ ਤੋਂ ਪਹਿਲਾਂ ਕੋਈ ਦੂਜਾ ਧਰਮ ਗ੍ਰਹਿਣ ਨਾ ਕਰਨ।

ਸੰਮੇਲਨ ਨੇ ਮਤਾ ਪਾਸ ਕਰਕੇ ਡਾਕਟਰ ਅੰਬੇਦਕਰ ਉਤੇ ਪੂਰਾ ਭਰੋਸਾ ਪ੍ਰਗਟ ਕੀਤਾ ਗਿਆ ਤੇ ਯੇਵਲਾ ਵਿਚ ਉਹਨਾਂ ਦੀ ਪ੍ਰਧਾਨਗੀ ਹੇਠ ਧਰਮ-ਪਰਿਵਰਤਨ ਦੇ ਨਿਸ਼ਚੇ ਦਾ ਸਮਰਥਨ ਕੀਤਾ ਗਿਆ। ਸੰਮੇਲਨ ਵਿਚ ਮਤਾ ਪਾਸ ਕੀਤਾ ਗਿਆ ਕਿ ਦਲਿਤ ਵਰਗ ਦੇ ਲੋਕ ਹਿੰਦੂ ਧਰਮ ਵਿਚ ਨਾ ਰਹਿਣ ਪਰ ਅਗਲੇ ਸਰਬ ਭਾਰਤੀ ਸੰਮੇਲਨ ਵਿਚ ਜਦੋਂ ਤੱਕ ਇਸ ਸਬੰਧੀ ਅੰਤਿਮ ਫੈਸਲਾ ਨਾ ਹੋ ਜਾਵੇ, ਉਦੋਂ ਤੱਕ ਕਿਸੇ ਵੀ ਹਾਲਤ ਵਿਚ ਕੋਈ ਦੂਜਾ ਧਰਮ ਗ੍ਰਹਿਣ ਨਾ ਕਰੋ।

ਸੰਮੇਲਨ ਨੇ ਹੋਰ ਵੀ ਕਈ ਮਤੇ ਪਾਸ ਕੀਤੇ। ਇਕ ਮਤੇ ਰਾਹੀਂ ਡਾਕਟਰ ਅੰਬੇਦਕਰ ਦੀ ਪ੍ਰਧਾਨਗੀ ਹੇਠ ਇਕ ਸਰਬ ਭਾਰਤੀ ਕਮੇਟੀ ਨਿਯੁਕਤ ਕੀਤੀ ਗਈ ਹੈ। ਦਲਿਤ ਵਰਗ ਦੇ ਲਈ ਕੋਈ ਦੂਜਾ ਧਰਮ ਅਪਣਾਉਣ ਦੇ ਸਵਾਲ ਉਤ ਚੰਗੀ ਤਰ੍ਹਾਂ ਵਿਚਾਰ ਕਰਕੇ ਅਗਲੇ ਸੰਮੇਲਨ ਵਿਚ ਇਹ ਕਮੇਟੀ ਆਪਣੀ ਰਿਪੋਰਟ ਪੇਸ਼ ਕਰੇਗੀ।

ਦੂਜੇ ਮਤੇ ਵਿਚ ਦਲਿਤ ਵਰਗ ਦੇ ਲੋਕਾਂ ਲਈ 'ਹਰੀਜਨ' ਸ਼ਬਦ ਦੀ ਵਰਤੋਂ ਦਾ ਘੋਰ ਵਿਰੋਧ ਕੀਤਾ ਗਿਆ ਤੇ ਇਸ ਉਤੇ ਅਸੰਤੋਖ ਪ੍ਰਗਟ ਕੀਤਾ ਗਿਆ ਕਿ ਇਸ ਦਾ ਘੋਰ ਵਿਰੋਧ ਕਰਦਿਆਂ ਦਲਿਤ ਵਰਗ ਦੇ ਨੇਤਾਵਾਂ ਨੇ ਗਾਂਧੀ ਜੀ ਅਤੇ ਹਰੀਜਨ ਬੋਰਡ ਦੇ ਮੈਂਬਰਾਂ ਨੂੰ ਲਿਖਿਆ, ਫਿਰ ਵੀ ਉਸ ਉਤੇ ਹੁਣ ਤੱਕ ਇਸ ਸ਼ਬਦ ਦੀ ਵਰਤੋਂ ਕੀਤੀ ਜਾ ਰਹੀ ਹੈ। ਸੰਮੇਲਨ ਵਿਚ ਸਰਕਾਰ ਨੂੰ ਸਿਫਾਰਸ਼ ਕੀਤੀ ਕਿ ਦਲਿਤ ਵਰਗ ਦੇ ਲੜਕਿਆਂ ਲਈ ਮੁਫਤ ਲਾਜ਼ਮੀ ਮੁਢਲੀ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ ਅਤੇ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਤੇ ਕਾਲਜਾਂ ਵਿਚ ਇਹਨਾਂ ਤੋਂ ਫੀਸ ਨਾ ਲਈ ਜਾਵੇ।

ਇਕ ਹੋਰ ਮਤੇ ਦੁਆਰਾ ਸਰਕਾਰ ਦਾ ਧਿਆਨ ਦੇਸ਼ ਵਿਚ ਕਿਸੇ ਰੂਪ ਵਿਚ ਪ੍ਰਚੱਲਿਤ ਬੇਗਾਰ ਦੀ ਅਣਮਨੁੱਖੀ ਪ੍ਰਥਾ ਤੇ ਉਸ ਦੇ ਹੇਠ ਦਲਿਤ ਵਰਗ ਦੇ ਪੀਸੇ ਜਾਣ ਵੱਲ, ਜੋ ਸਰਕਾਰ ਲਈ ਬਦਨਾਮੀ ਦੀ ਗੱਲ ਹੈ, ਸਾਫ ਤੇ ਸਪਸ਼ਟ ਕੀਤਾ ਗਿਆ ਅਤੇ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਬੇਗਾਰ ਦੇ ਸਵਾਲ ਉਤੇ ਵਿਚਾਰ ਕਰਕੇ ਉਸ ਨੂੰ ਤੁਰੰਤ ਬੰਦ ਕਰਕੇ ਉਪਾਅ ਬਣਾਉਣ ਲਈ ਇਕ ਕਮੇਟੀ ਨਿਯੁਕਤ ਕੀਤੀ ਜਾਵੇ ਜਿਸ ਵਿਚ ਇਕ ਯੂਰਪੀਅਨ, ਇਕ ਮੁਸਲਮਾਨ, ਇਕ ਹਿੰਦੂ ਤੇ ਦੋ ਦਲਿਤ ਵਰਗ ਦੇ ਮੈਂਬਰ ਹੋਣ।

ਯੂਨਾਈਟਿਡ ਪ੍ਰੈਸ।
ਆਜ (ਹਿੰਦੀ ਦੈਨਿਕ), 26 ਮਈ 1936, ਪੰਨਾ 4

### ਆਦਿ ਹਿੰਦੂ ਦਲਿਤ ਕਾਨਫਰੰਸ
### ਧਰਮ-ਪਰਿਵਰਤਨ ਲਈ ਕਮੇਟੀ ਦੀ ਸਥਾਪਨਾ
### ਯੇਵਲਾ ਦੇ ਮਤੇ ਦਾ ਸਮਰਥਨ
### 'ਹਰੀਜਨ' ਸ਼ਬਦ ਦੀ ਵਰਤੋਂ ਦਾ ਵਿਰੋਧ

ਲਖਨਊ, 25 ਮਈ- ਇੱਥੇ, ਧਰਮ-ਪਰਿਵਰਤਨ ਦੇ ਅੰਤਿਮ ਫੈਸਲੇ ਲਈ ਅਖਿਲ ਭਾਰਤ ਵਰਸ਼ੀ ਆਦਿ ਹਿੰਦੂ ਸੰਮੇਲਨ ਕਾਨਫਰੰਸ ਹੋਈ। ਪ੍ਰਧਾਨ ਡਾ. ਅੰਬੇਦਕਰ ਚੁਣੇ ਗਏ ਸਨ ਪਰ ਉਹਨਾਂ ਦੇ ਨਾ ਆਉਣ 'ਤੇ ਡਾ. ਰਸਿਕ ਲਾਲ ਵਿਸ਼ਵਾਸ ਨੂੰ ਇਹ ਸਨਮਾਨ ਦਿੱਤਾ ਗਿਆ। ਸਭਾ ਵਿਚ ਵੱਖ-ਵੱਖ ਧਰਮਾਂ ਦੇ ਧੁਰੰਧਰ ਵਿਅਕਤੀ ਆਪਣੇ ਧਰਮ ਦਾ ਵਖਾਨ-ਵਿਆਖਿਆ ਕਰਨ ਪਹੁੰਚੇ ਸਨ। ਪ੍ਰਧਾਨ ਨੇ ਡਾ. ਅੰਬੇਦਕਰ ਦੇ ਉਸ ਭਾਸ਼ਣ ਦੇ ਕੁਝ ਅੰਸ਼ ਸੁਣਾਏ, ਜੋ ਉਹਨਾਂ ਨੇ ਜਾਤ-ਪਾਤ ਤੋੜਕ ਮੰਡਲ ਦੇ ਇਜਲਾਸ ਵਿਚ ਪ੍ਰਧਾਨ ਵਜੋਂ ਪੜ੍ਹਨ ਲਈ ਲਿਖਿਆ ਸੀ। ਕਈ ਹੋਰ ਵਕਤਿਆਂ ਨੇ ਵੀ ਭਾਸ਼ਣ ਦਿੱਤੇ। ਸਭਾ ਵਿਚ ਡਾ. ਅੰਬੇਦਕਰ ਉਤੇ ਪੂਰਾ ਭਰੋਸਾ ਪ੍ਰਗਟ ਕੀਤਾ ਗਿਆ ਅਤੇ ਯੇਵਲਾ ਦੇ ਫੈਸਲੇ ਦਾ ਸਮਰਥਨ ਵੀ ਕੀਤਾ ਗਿਆ।

ਸਭਾ ਨੇ ਇਕ ਉਪ ਕਮੇਟੀ ਡਾ. ਅੰਬੇਦਕਰ ਦੀ ਪ੍ਰਧਾਨਗੀ ਹੇਠ ਧਰਮ-ਪਰਿਵਰਤਨ ਦੇ ਮੁਕੰਮਲ ਫੈਸਲੇ ਉਤੇ ਵਿਚਾਰ ਕਰਨ ਲਈ ਬਣਾਈ। ਉਸ ਨੂੰ ਅਗਲੇ ਇਜਲਾਸ ਵਿਚ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ। ਸਭਾ ਨੇ ਦਲਿਤ ਜਾਤੀਆਂ ਲਈ 'ਹਰੀਜਨ' ਸ਼ਬਦ ਕਹਿਣ ਦਾ ਤਿੱਖਾ ਵਿਰੋਧ ਕੀਤਾ। ਸਰਕਾਰ ਨੂੰ ਵੀ ਬੇਨਤੀ ਕੀਤੀ ਗਈ ਹੈ ਕਿ ਉਹ ਦਲਿਤਾਂ ਨੂੰ ਮੁਢਲੀ ਮੁਫਤ ਤੇ ਲਾਜ਼ਮੀ ਕਰ ਦੇਵੇ ਤੇ ਦਲਿਤਾਂ ਤੋਂ ਲਈ ਜਾਂਦੀ ਬੇਗਾਰ ਪ੍ਰਥਾ ਦੀ ਜਾਂਚ-ਪੜਤਾਲ ਲਈ ਕਮੇਟੀ ਨਿਯੁਕਤ ਕਰੇ। ਡਾ. ਅੰਬੇਦਕਰ ਇਸ ਸਭਾ ਵਿਚ ਨਹੀਂ ਆਏ ਸਨ। ਇਸ ਸਭਾ ਵਿਚ ਸਮੁੱਚੇ ਭਾਰਤ ਤੋਂ ਦਲਿਤਾਂ ਦੇ ਪ੍ਰਤੀਨਿਧ ਸ਼ਾਮਲ ਹੋਏ ਸਨ। ਹਿੰਦੁਸਤਾਨ (ਹਿੰਦੀ ਦੈਨਿਕ) 26 ਮਈ, 1938, ਪੰਨਾ 8, ਤ੍ਰੈ ਮਾਸਿਕ (ਬਹੁਰੀ ਨਹੀਂ ਆਵਣਾ, ਹਿੰਦੀ) ਅੰਕ: 9, ਪੰਨਾ 45-46
ਸੰਪਾਦਕ: ਡਾ. ਦਿਨੇਸ਼ ਰਾਮ, ਜੇ-5, ਯਮੁਨਾ ਅਪਾਰਟਮੈਂਟ, ਹੋਲੀ ਚੌਕ, ਦੇਵਲੀ, ਨਵੀਂ ਦਿੱਲੀ- 110062

**ਪੰਜਾਬੀ ਅਨੁਵਾਦ : ਬਲਬੀਰ ਮਾਧੋਪੁਰੀ**

# ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ



ਦੁਨੀਆਂ 'ਤੇ ਉਹੀ ਕੌਮਾਂ ਅਣਖੀ ਜੀਵਨ ਜਿਊਂਦੀਆਂ ਅਤੇ ਮਾਣ ਪਾਉਂਦੀਆਂ ਹਨ ਜੋ ਆਪਣੇ ਕੌਮੀ ਸ਼ਹੀਦਾਂ ਨੂੰ ਯਾਦ ਰੱਖਦੀਆਂ ਅਤੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਦੀਆਂ ਹਨ। ਆਓ ਆਪਾਂ ਉਸ ਮਹਾਨ ਸ਼ਹੀਦ ਤੇ ਗ਼ਦਰ ਲਹਿਰ ਦੇ ਸਭ ਤੋਂ ਘੱਟ ਉਮਰ ਦੇ ਕਾਰਕੁੰਨ ਕਰਤਾਰ ਸਿੰਘ ਸਰਾਭਾ ਨੂੰ ਯਾਦ ਕਰੀਏ ਜਿਨ੍ਹਾਂ ਨੇ ਚੜ੍ਹਦੀ ਉਮਰੇ ਹੀ ਦੇਸ਼ ਨੂੰ ਆਜ਼ਾਦ ਕਰਾਉਣ ਖ਼ਾਤਰ ਅਤੇ ਆਪਣੇ ਲੋਕਾਂ ਨੂੰ ਫਰੰਗੀ ਜ਼ਾਲਮ ਸਰਕਾਰ ਦੇ ਜ਼ੁਲਮਾਂ ਤੋਂ ਨਿਜ਼ਾਤ ਦਿਵਾਉਣ ਲਈ ਹੱਸਦਿਆਂ-ਹੱਸਦਿਆਂ ਫਾਂਸੀ ਦਾ ਰੱਸਾ ਚੁੰਮਿਆ ਸੀ। ਛੋਟੀ ਉਮਰ ਦੇ ਮਹਾਨ ਯੋਧੇ ਦਾ ਜਨਮ 24 ਮਈ 1896 ਨੂੰ ਸ. ਮੰਗਲ ਸਿੰਘ ਦੇ ਘਰ ਮਾਤਾ ਸਰਦਾਰਨੀ ਸਾਹਿਬ ਕੌਰ ਦੇ ਕੁੱਖੋਂ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ ਸੀ। ਆਪ ਦੇ ਸਿਰੋਂ ਮਾਤਾ-ਪਿਤਾ ਦਾ ਸਾਇਆ ਬਚਪਨ ਪਹਿਰੇ ਹੀ ਉੱਠ ਗਿਆ ਸੀ ਜਿਸ ਕਾਰਨ ਇਨ੍ਹਾਂ ਦਾ ਪਾਲਣ ਪੋਸਣ ਇਨ੍ਹਾਂ ਦੇ ਦਾਦੇ ਬਦਨ ਸਿੰਘ ਨੇ ਕੀਤਾ। ਸ. ਬਦਨ ਸਿੰਘ ਆਪਣੇ ਪੋਤਰੇ ਕਰਤਾਰ ਸਿੰਘ ਨੂੰ ਵੱਡਾ ਅਫ਼ਸਰ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਕਰਤਾਰ ਸਿੰਘ ਦੀ ਪੜ੍ਹ-ਾਈ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਕਰਤਾਰ ਸਿੰਘ ਸਰਾਭਾ ਬਚਪਨ ਵਿੱਚ ਬਹੁਤ ਫੁਰਤੀਲਾ ਤੇ ਚੁਸਤ ਚਲਾਕ ਸੀ ਜਿਸ ਕਰਕੇ ਉਨ੍ਹਾਂ ਦੇ ਸਾਰੇ ਸਾਥੀ ਉਨ੍ਹਾਂ ਨੂੰ ਉਡਣਾ ਸੱਪ ਕਿਹਾ ਕਰਦੇ ਸਨ। ਕਰਤਾਰ ਸਿੰਘ ਨੇ ਆਪਣੀ ਮੁੱਢਲੀ ਪੜ੍ਹਾਈ ਆਪਣੇ ਪਿੰਡ ਸਰਾਭਾ ਤੇ ਗੁੱਜਰਵਾਲ ਦੇ ਸਕੂਲ ਤੋਂ ਪ੍ਰਾਪਤ ਕੀਤੀ। ਮੈਟ੍ਰਿਕ ਪ੍ਰੀਖਿਆ ਖ਼ਾਲਸਾ ਹਾਈ ਸਕੂਲ ਲੁਧਿਆਣਾ ਤੋਂ ਪਾਸ ਕਰਨ ਉਪਰੰਤ ਉਚੇਰੀ ਵਿੱਦਿਆ ਲਈ ਸੰਨ 1912 ਵਿੱਚ ਅਮਰੀਕਾ ਚਲੇ ਗਏ। ਅਮਰੀਕਾ ਪਹੁੰਚ ਕੇ ਸਾਨਫਰਾਂਸਿਸਕੋ ਦੀ ਬਰਕਲੇ ਯੂਨੀਵਰਸਿਟੀ ਵਿੱਚ ਦਾਖ਼ਲਾ ਲੈ ਕੇ ਰਸਾਇਣ ਵਿੱਦਿਆ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਜਦੋਂ ਉਨ੍ਹਾਂ ਨੇ ਦੇਖਿਆ ਕਿ ਅਮਰੀਕਾ ਵਿੱਚ ਭਾਰਤੀਆਂ ਨੂੰ ਹਰ ਥਾਂ ਜਲੀਲ ਕੀਤਾ ਜਾਂਦਾ ਹੈ ਤਾਂ ਕਰਤਾਰ ਸਿੰਘ ਸਰਾਭਾ ਦੇ ਕੋਮਲ ਦਿਲ 'ਤੇ ਇਸ ਦਾ ਗਹਿਰਾ ਅਸਰ ਹੋਇਆ। ਇਸੇ ਦੌਰਾਨ ਕਰਤਾਰ ਸਿੰਘ ਦਾ ਮੇਲ ਆਪਣੇ ਹੀ ਪਿੰਡ ਦੇ ਰੁਲੀਆ ਸਿੰਘ ਨਾਲ ਹੋ ਗਿਆ ਜਿਹੜਾ ਬਾਬਾ ਸੋਹਣ ਸਿੰਘ ਭਕਨਾ, ਪ੍ਰਿਥੀ ਸਿੰਘ, ਹਰਨਾਮ ਸਿੰਘ ਟੁੰਡੀਲਾਟ ਤੇ ਲਾਲਾ ਹਰਦਿਆਲ ਵਰਗੇ ਗ਼ਦਰੀਆਂ ਦਾ ਸਾਥੀ ਸੀ। ਆਪ ਤੇਜ਼ ਬੁੱਧੀ, ਦ੍ਰਿੜ੍ਹ ਇਰਾਦੇ ਤੇ ਬੁਲੰਦ ਹੌਸਲੇ ਵਾਲੇ ਨਿਡਰ ਨੌਜਵਾਨ ਸਨ। ਇਹੀ ਕਾਰਨ ਸੀ ਕਿ ਗ਼ਦਰ ਪਾਰਟੀ ਦੇ ਕਾਰਜਕਰਤਾਵਾਂ ਨੇ ਪਾਰਟੀ ਦੇ ਅਖ਼ਬਾਰ 'ਗ਼ਦਰ ਦੀ ਗੂੰਜ਼' ਦੀ ਸਾਰੀ ਜ਼ਿੰਮੇਵਾਰੀ ਕਰਤਾਰ ਸਿੰਘ ਨੂੰ ਸੌਂਪ ਦਿੱਤੀ। ਸੰਸਾਰ 'ਤੇ ਪਹਿਲੇ ਵਿਸ਼ਵ ਯੁੱਧ ਦੇ ਬੱਦਲ ਮੰਡਰਾ ਰਹੇ ਸਨ ਤੇ ਬਸਤੀਵਾਦੀ ਦੇਸ਼ਾਂ ਨੇ ਸਾਰੇ ਸੰਸਾਰ ਨੂੰ ਇਸ ਅੰਦਰ ਘੜੀਸ ਲਿਆ ਸੀ। ਅੰਤ ਨੂੰ ਸੰਨ 1914 ਵਿੱਚ ਪਹਿਲੀ ਸੰਸਾਰ ਜੰਗ ਦੇ ਭਾਂਬੜ ਮੱਚ ਉੱਠੇ। ਅਮਰੀਕਾ ਵਿੱਚ ਰਹਿੰਦੇ ਦੇਸ਼ ਭਗਤਾਂ ਨੇ ਮਹਿਸੂਸ ਕੀਤਾ ਕਿ ਹੁਣ ਜਦੋਂ ਅੰਗਰੇਜ਼ ਲੜਾਈ ਵਿੱਚ ਰੁੱਝਿਆ ਹੋਇਆ ਹੈ ਤਾਂ ਇਹ ਆਜ਼ਾਦੀ ਪ੍ਰਾਪਤੀ ਲਈ ਸੰਘਰਸ਼ ਨੂੰ ਤੇਜ਼ ਕਰਨ ਦਾ ਸੁਨਹਿਰੀ ਮੌਕਾ ਹੈ। ਇਸ ਲਈ ਗ਼ਦਰ ਪਾਰਟੀ ਦੇ ਮੈਂਬਰਾਂ ਨੇ ਭਾਰਤ ਵੱਲ ਵਹੀਰਾਂ ਘੱਤ ਦਿੱਤੀਆਂ। ਬਹੁਤ ਸਾਰੇ ਗ਼ਦਰੀ ਸੂਰਮੇ ਭਾਰਤ ਪਹੁੰਚਣ ਤੋਂ ਪਹਿਲਾਂ ਹੀ ਰਸਤੇ ਵਿੱਚ ਫੜੇ ਗਏ ਪਰ ਕਰਤਾਰ ਸਿੰਘ ਕੋਲੰਬੋ ਬੰਦਰਗਾਹ ਰਾਹੀਂ ਪੰਜਾਬ ਪਹੁੰਚਣ ਵਿੱਚ ਸਫ਼ਲ ਹੋ ਗਿਆ। ਦੇਸ਼ ਪਹੁੰਚ ਕੇ ਉਨ੍ਹਾਂ ਰਾਸ ਬਿਹਾਰੀ ਬੋਸ ਤੇ ਹੋਰ ਆਜ਼ਾਦੀ ਪ੍ਰਵਾਨਿਆਂ ਨਾਲ ਮਿਲ ਕੇ ਦੇਸ਼ ਭਗਤ ਫ਼ੌਜੀਆਂ ਨਾਲ ਰਾਬਤਾ ਕਾਇਮ ਕੀਤਾ ਤੇ ਬਗ਼ਾਵਤ ਕਰਨ ਦਾ ਫ਼ੈਸਲਾ ਕੀਤਾ। ਇਸ ਉਦੇਸ਼ ਦੀ ਪੂਰਤੀ ਲਈ ਕਰਤਾਰ ਸਿੰਘ ਸਰਾਭੇ ਨੇ ਬਹੁਤ ਭੱਜ ਦੌੜ ਕੀਤੀ ਤੇ 21 ਫਰਵਰੀ 1915 ਨੂੰ ਬਗ਼ਾਵਤ ਦਾ ਝੰਡਾ ਬੁਲੰਦ ਕਰਨ ਦਾ ਦਿਨ ਮਿਥਿਆ ਗਿਆ ਪਰ ਇਸ ਭੇਦ ਨੂੰ ਗੁਪਤ ਨਾ ਰੱਖ ਸਕੇ ਤੇ ਕਿਰਪਾਲ ਸਿੰਘ ਵਰਗੇ ਦੇਸ਼ਧ੍ਰੋਹੀਆਂ ਕਰਕੇ ਇਹ ਮਿਤੀ 19 ਫਰਵਰੀ 1915 ਕਰਨੀ ਪਈ ਪਰ ਇਸ ਦੀ ਸੂਹ ਵੀ ਸਰਕਾਰ ਨੂੰ ਮਿਲ ਗਈ ਤੇ ਬਹੁਤ ਸਾਰੇ ਕ੍ਰਾਂਤੀਕਾਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਫ਼ੌ-ਜੀਆਂ ਤੋਂ ਹਥਿਆਰ ਲੈ ਕੇ ਨਿਹੱਥੇ ਕਰ ਦਿੱਤਾ। ਦੇਸ਼ ਦੀ ਆਜ਼ਾਦੀ ਦੀ ਲੜਾਈ ਅਜੇ ਜਾਰੀ ਸੀ ਪਰ ਗੰਡਾ ਸਿੰਘ ਵਰਗੇ ਮੱਕਾਰ ਦੇਸ਼ ਭਗਤ ਨੇ ਵਿਸ਼ਵਾਸਘਾਤ ਕਰਕੇ 2 ਮਾਰਚ 1915 ਨੂੰ ਕਰਤਾਰ ਸਿੰਘ ਤੇ ਉਸ ਦੇ ਸਾਥੀਆਂ ਨੂੰ ਸਰਗੋਧੇ (ਹੁਣ ਪਾਕਿਸਤਾਨ ਵਿੱਚ) ਆਪਣੇ ਫਾਰਮ 'ਤੇ ਬੁਲਾ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਲਾਹੌਰ ਜੇਲ੍ਹ ਅੰਦਰ ਕਰਤਾਰ ਸਿੰਘ ਸਰਾਭਾ 'ਤੇ ਦੇਸ਼ਧ੍ਰੋਹੀ ਦਾ ਮੁਕੱਦਮਾ ਚਲਾਇਆ ਗਿਆ। ਜੱਜ ਨੇ ਸਰਾਭਾ ਅਤੇ ਉਸ ਦੇ ਛੇ ਸਾਥੀਆਂ ਨੂੰ ਮੌਤ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ। ਫਾਂਸੀ ਲੱਗਣ ਦੇ ਦਿਨ ਤੋਂ ਇੱਕ ਦਿਨ ਪਹਿਲਾਂ ਸਰਾਭੇ ਨੇ ਦੇਸ਼ ਵਾਸੀਆਂ ਲਈ ਇੱਕ ਕਵਿਤਾ ਲਿਖੀ ਸੀ-

ਦੇਸ਼ ਵਾਸੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।
ਖ਼ਾਤਰ ਦੇਸ਼ ਦੀ ਲੱਗੇ ਹਾਂ ਚੜ੍ਹਨ ਫਾਂਸੀ,
ਸਾਨੂੰ ਵੇਖ ਕੇ ਨਾ ਘਬਰਾ ਜਾਣਾ।

ਜੰਗੇ ਆਜ਼ਾਦੀ ਦੇ ਸਭ ਤੋਂ ਛੋਟੀ ਉਮਰ ਦੇ ਆਜ਼ਾਦੀ ਪ੍ਰਵਾਨੇ ਨੂੰ ਉਸ ਦੇ ਛੇ ਸਾਥੀਆਂ ਜ਼ਗਤ ਸਿੰਘ, ਸਰੈਣ ਸਿੰਘ, ਬਖਸ਼ੀਸ਼ ਸਿੰਘ, ਹਰਨਾਮ ਸਿੰਘ ਪਿੰਗਲੇ ਸਮੇਤ ਮੌਕੇ ਦੀ ਜ਼ਾਲਮ ਤੇ ਗੂੰਗੀ ਬੋਲੀ ਫਰੰਗੀ ਸਰਕਾਰ ਨੇ 16 ਨਵੰਬਰ 1915 ਨੂੰ ਫਾਂਸੀ ਲਾ ਦਿੱਤਾ। ਇਨ੍ਹਾਂ ਮਹਾਨ ਦੇਸ਼ ਭਗਤਾਂ ਦੇ ਸੁਫਨੇ ਅਜੇ ਵੀ ਅਧੂਰੇ ਹਨ, ਕਿਉਂਕਿ ਅੱਜ ਵੀ ਭ੍ਰਿਸ਼ਟ ਰਾਜਨੀਤਕ ਲੋਕ ਤੇ ਸਰਮਾਏਦਾਰ ਮਿਹਨਤਕਸ਼ ਲੋਕਾਂ ਦੀ ਦਿਨ ਰਾਤ ਲੁੱਟ ਖਸੁੱਟ ਕਰ ਰਹੇ ਹਨ ਜਿਸ ਕਾਰਨ ਸਾਨੂੰ ਉਨ੍ਹਾਂ ਮਹਾਨ ਸ਼ਹੀਦ ਸੂਰਮਿਆਂ ਦੇ ਸੁਫਨੇ ਸਾਕਾਰ ਕਰਨ ਲਈ ਉਨ੍ਹਾਂ ਦੇ ਪਦ ਚਿੰਨ੍ਹਾਂ 'ਤੇ ਚੱਲਣ ਦੀ ਲੋੜ ਹੈ।

**- ਜਗਦੇਵ ਸਿੰਘ ਗੁੱਜਰਵਾਲ**

# ਭਾਰਤ ਵਿੱਚ ਅੱਧੀ ਅਬਾਦੀ ਤੌਂ ਵੱਧ ਅਜੇ ਵੀ ਪਖਾਨਾ ਸਹੂਲਤ ਤੌਂ ਵਾਂਝੀ



ਕੁਲਦੀਪ ਚੰਦ
9417563054

ਸਫਾਈ ਅਤੇ ਪਖਾਨੇ ਦੀ ਅਣਹੋਂਦ ਵਰਗੇ ਵਿਸ਼ਿਆਂ ਨੂੰ ਅਕਸਰ ਹੀ ਘੱਟ ਮਹੱਤਵ ਦਿਤਾ ਜਾਂਦਾ ਹੈ। ਵਿਸ਼ਵ ਪਖਾਨਾ ਦਿਵਸ ਉਨ੍ਹਾਂ ਕਰੋੜਾਂ ਲੋਕਾਂ ਦੀ ਯਾਦ ਕਰਵਾਂਦਾ ਹੈ ਜੋਕਿ ਅਜੇ ਤੱਕ ਵੀ ਪਖਾਨੇ ਦੀ ਸਹੂਲਤ ਤੋਂ ਬਾਂਝੇ ਹਨ ਅਤੇ ਇਸ ਜਰੂਰਤ ਲਈ ਖੁੱਲੇ ਵਿੱਚ ਹੀ ਜਾਂਦੇ ਹਨ ਜਿਸ ਨਾਲ ਕਈ ਤਰਾਂ ਦੀਆਂ ਬਿਮਾਰੀਆਂ ਵੱਡੇ ਪੱਧਰ ਤੇ ਫੈਲ ਰਹੀਆਂ ਹਨ। 19 ਨਵੰਬਰ ਦਾ ਦਿਨ ਵਿਸ਼ਵ ਪਖਾਨਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਵਿਸ਼ਵ ਪਖਾਨਾ ਸੰਗਠਨ ਦੀ ਸਥਾਪਨਾ 19 ਨਵੰਬਰ, 2001 ਨੂੰ ਕੀਤੀ ਗਈ ਅਤੇ ਸਭਤੋਂ ਪਹਿਲਾਂ ਇਸੇ ਦਿਨ ਹੀ ਵਿਸ਼ਵ ਪਖਾਨਾ ਪ੍ਰੋਗਰਾਮ ਸਿੰਘਾਪੁਰ ਵਿੱਚ ਕਰਵਾਇਆ ਗਿਆ। ਵਿਸ਼ਵ ਪਖਾਨਾ ਸੰਗਠਨ ਦਾ ਮੁੱਖ ਉਦੇਸ਼ ਸਫਾਈ ਦੇ ਪ੍ਰਬੰਧਾ ਅਤੇ ਹਰ ਇੱਕ ਲਈ ਪਖਾਨਾ ਹੋਵੇ ਵਾਸਤੇ ਕੰਮ ਕਰਨਾ ਹੈ। 2001 ਤੋਂ ਲੈਕੇ ਹੁਣ ਤੱਕ ਹਰ ਸਾਲ ਵਿਸ਼ਵ ਪਖਾਨਾ ਦਿਵਸ ਸਮਾਜਿਕ ਸੰਗਠਨਾ, ਯੂ ਐਨ ਏਜੰਸੀਆਂ, ਨਿੱਜੀ ਖੇਤਰ ਦੀਆਂ ਸੰਸਾਵਾਂ, ਸਿਵਲ ਸੰਗਠਨਾ ਆਦਿ ਵਲੋਂ ਵੱਖ ਵੱਖ ਤਰੀਕਿਆਂ ਮਨਾਇਆ ਜਾਂਦਾ ਰਿਹਾ ਹੈ। ਪਿਛਲੇ ਸਾਲ 2013 ਵਿੱਚ ਵਿਸ਼ਵ ਪਖਾਨਾ ਸੰਗਠਨ ਅਤੇ ਸਿੰਘਾਪੁਰ ਸਰਕਾਰ ਵਲੋਂ ਸਾਂਝੇ ਤੋਰ ਤੇ ਲਏ ਗਏ ਫੈਸਲੇ ਵਿੱਚ ਹਰ ਇੱਕ ਲਈ ਸਫਾਈ ਦੇ ਮੁੱਦੇ ਨੂੰ ਵਿਸ਼ਵ ਪਖਾਨਾ ਦਿਵਸ ਵਿੱਚ ਸ਼ਾਮਿਲ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮਤੇ ਨੂੰ ਲੱਗਭੱਗ 122 ਦੇਸ਼ਾਂ ਨੇ ਅਪਣੀ ਸਹਿਮਤੀ ਦਿਤੀ ਅਤੇ ਯੂਨਾਇਟਡ ਨੇਸ਼ਨਜ਼ ਦੇ 67ਵੇਂ ਸ਼ੈਸ਼ਨ ਜੋਕਿ ਨਿਊਯਾਰਕ ਵਿੱਚ ਹੋਇਆ ਵਿੱਚ ਇਸਨੂੰ ਪਾਸ ਕੀਤਾ ਗਿਆ। 24 ਜੁਲਾਈ 2013 ਨੂੰ ਪਾਸ ਕੀਤੇ ਗਏ ਮਤੇ ਵਿੱਚ ਇਸਨੂੰ ਯੂਨਾਇਟਡ ਨੇਸ਼ਨਜ਼ ਵਲੋਂ ਦਿਵਸ ਘੋਸ਼ਿਤ ਕੀਤਾ ਗਿਆ ਹੈ। ਵਿਸ਼ਵ ਪਖਾਨਾ ਸੰਗਠਨ ਸਥਾਪਨਾ ਵੇਲੇ 2001 ਵਿੱਚ ਸਿਰਫ 15 ਹੀ ਮੈਂਬਰ ਸਨ ਅਤੇ ਹੁਣ ਇਸਦੇ 53 ਦੇਸ਼ਾਂ ਦੇ 151 ਮੈਂਬਰ ਹਨ। 2005 ਵਿੱਚ ਵਿਸ਼ਵ ਪਖਾਨਾ ਸੰਗਠਨ ਵਲੋਂ ਪਹਿਲਾ ਵਿਸ਼ਵ ਪਖਾਨਾ ਕਾਲਜ ਖੋਲਿਆ ਗਿਆ ਜਿਸ ਵਿੱਚ ਪਖਾਨਿਆਂ ਦੇ ਡਿਜ਼ਾਇਨਾਂ, ਬਣਤਰ, ਸਾਂਭ ਸੰਭਾਲ, ਸਕੂਲ ਵਿੱਚ ਸਫਾਈ ਰੱਖਣ ਆਦਿ ਸਬੰਧੀ ਸਿਖਲਾਈ ਦਿਤੀ ਜਾਂਦੀ ਹੈ। ਭਾਰਤ ਦੇਸ਼ ਵਿੱਚ ਸਮੇਂ ਸਮੇਂ ਤੇ ਸਫਾਈ ਲਈ ਮੁਹਿੰਮ ਚਲਾਈ ਗਈ ਹੈ। ਰਾਸ਼ਟਰ ਪਿਤਾ ਮਹਾਤਮਾ ਗਾਂਧੀ ਵਲੋਂ ਗਰੀਬ ਦਲਿਤ ਬਸਤੀਆਂ ਵਿੱਚ ਜਾਕੇ ਸਫਾਈ ਕਰਨ ਦੀਆਂ ਉਦਾਹਰਣਾ ਸਾਡੇ ਸਾਹਮਣੇ ਹਨ। ਦੇਸ ਦੀ ਨਵੀਂ ਸਰਕਾਰ ਜਿਸਦੀ ਅਗਵਾਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰ ਰਹੇ ਹਨ ਵਲੋਂ ਸਵੱਛ ਭਾਰਤ ਅਭਿਆਨ ਸ਼ੁਰੂ ਕੀਤਾ ਗਿਆ ਹੈ। ਇਸ ਅਭਿਆਨ ਅਧੀਨ ਸੱਤਾਧਾਰੀ ਪਾਰਟੀ ਦੇ ਨੇਤਾਵਾਂ ਵਲੋਂ ਅਤੇ ਅਧਿਕਾਰੀਆਂ ਵਲੋਂ ਸਫਾਈ ਮੁਹਿੰਮ ਚਲਾਈ ਜਾ ਰਹੀ ਹੈ। ਅੱਜ ਅਸੀਂ ਭਾਵੇਂ ਵਿਕਸਿਤ ਦੇਸਾਂ ਦੀ ਲੜੀ ਵਿੱਚ ਸ਼ਾਮਲ ਹੋਣ ਜਾ ਰਹੇ ਹਾਂ ਪਰ ਦੁੱਖ ਦੀ ਗੱਲ ਹੈ ਕਿ ਅਜੇ ਵੀ ਭਾਰਤ ਵਿੱਚ ਅੱਧੀ ਤੋਂ ਵੱਧ ਅਬਾਦੀ ਲੱਗਭੱਗ 53 ਫਿਸਦੀ ਘਰਾਂ ਵਿੱਚ ਪਖਾਨੇ ਦੀ ਸਹੂਲਤ ਨਹੀਂ ਹੈ ਅਤੇ ਇਨ੍ਹਾਂ ਘਰਾਂ ਵਿੱਚ ਰਹਿਣ ਵਾਲੇ 60 ਕਰੋੜ ਤੋਂ ਵੱਧ ਲੋਕ ਅਪਣੀ ਇਸ ਜਰੂਰਤ ਲਈ ਖੁਲੀਆਂ ਥਾਵਾਂ ਸ਼ਹਿਰਾਂ ਵਿੱਚ ਨਾਲਿਆਂ ਦੇ ਕੰਢੇ, ਰੇਲਵੇ ਟ੍ਰੈਕ ਆਦਿ ਦੀ ਵਰਤੋਂ ਕਰਦੇ ਹਨ ਅਤੇ ਪਿੰਡਾਂ ਵਿੱਚ ਖੇਤਾਂ, ਖਾਲੀ ਪਈਆਂ ਥਾਵਾਂ ਦੀ ਵਰਤੋਂ ਕਰਦੇ ਹਨ। ਸਰਕਾਰ ਵਲੋਂ ਹਰ ਸਾਲ ਲੋਕਾਂ ਦੇ ਘਰਾਂ ਵਿੱਚ ਪਖਾਨੇ ਦੀ ਸਹੂਲਤ ਪ੍ਰਦਾਨ ਕਰਨ ਲਈ ਵਿਸ਼ੇਸ਼ ਫੰਡ ਰੱਖੇ ਜਾਂਦੇ ਹਨ ਪਰ ਅਜੇ ਤੱਕ ਵੀ ਦੇਸ਼ ਦੀ ਅੱਧੀ ਤੋਂ ਵੱਧ ਅਬਾਦੀ ਇਸ ਸਹੂਲਤ ਤੋਂ ਬਾਂਝੀ ਹੈ। ਕੇਂਦਰ ਸਰਕਾਰ ਵੱਲੋਂ ਮੁਕੰਮਲ ਪਖਾਨਾ ਯੋਜਨਾ ਲਈ ਵੱਖ-ਵੱਖ ਰਾਜ ਸਰਕਾਰਾਂ ਨੂੰ ਉਹਨਾਂ ਦੀਆਂ ਜ਼ਰੂਰਤਾਂ ਮੁਤਾਬਕ ਫੰਡ ਭੇਜੇ ਜਾਂਦੇ ਹਨ ਪਰ ਰਾਜ ਸਰਕਾਰਾਂ ਦੀ ਨਲਾਇਕੀ ਕਾਰਨ ਇਹ ਫੰਡ ਪੂਰੇ ਨਹੀਂ ਖਰਚੇ ਜਾਂਦੇ ਹਨ। ਸਰਕਾਰਾਂ ਦੀ ਨਲਾਇਕੀ ਦਾ ਖਾਮਿਆਜ਼ਾ ਕਈ ਵਾਰ ਗਰੀਬ ਔਰਤਾਂ ਨੂੰ ਭੁਗਤਣਾ ਪੈਂਦਾ ਹੈ। ਕਿਉਂਕਿ ਜਦੋਂ ਗਰੀਬ ਔਰਤਾਂ ਅਤੇ ਲੜਕੀਆਂ ਨੂੰ ਰਾਤ ਨੂੰ ਕਿਤੇ ਬਾਹਰ ਪਖਾਨੇ ਲਈ ਜਾਣਾ ਪੈਂਦਾ ਹੈ ਤਾਂ ਕਈ ਵਾਰ ਉਹ ਬਲਾਤਕਾਰ ਵਰਗੀਆਂ ਭਿਆਨਕ ਘਟਨਾਵਾਂ ਦਾ ਸ਼ਿਕਾਰ ਹੋ ਜਾਂਦੀਆ ਹਨ। ਪਿਛਲੇ ਸਮੇਂ ਦੌਰਾਨ ਹਰਿਆਣਾ, ਉਤਰ ਪ੍ਰਦੇਸ਼ ਆਦਿ ਸੂਬਿਆਂ ਵਿੱਚ ਵਾਪਰੀਆਂ ਬਲਾਤਕਾਰ ਦੀਆਂ ਘਟਨਾਵਾਂ ਦਾ ਸਿੱਧਾ ਸਬੰਧ ਪਖਾਨਿਆਂ ਦੀ ਸਹੂਲਤ ਦੀ ਘਾਟ ਨਾਲ ਹੀ ਹੈ। ਜੇਕਰ ਇਨ੍ਹਾਂ ਫੰਡਾਂ ਦੀ ਹੋ ਰਹੀ ਵਰਤੋਂ ਬਾਰੇ ਵੇਖੀਏ ਤਾਂ ਆਂਧਰਾ ਪ੍ਰਦੇਸ਼ ਲਈ ਸਾਲ 2013-14 ਵਿੱਚ 16734.41 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 14524.22 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 39124.87 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 11611.73 ਲੱਖ ਰੁਪਏ (29.68ਗ) ਖਰਚ ਕੀਤੇ ਗਏ ਹਨ। ਅਰੁਣਾਚਲ ਪ੍ਰਦੇਸ਼ ਲਈ ਸਾਲ 2013-14 ਵਿੱਚ 518.53 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 1740.97 ਲੱਖ ਰੁਪਏ ਹੋ ਗਏ ਜਿਸ ਵਿੱਚੋਂ 1254.85 ਲੱਖ ਰੁਪਏ (72.08ਗ) ਖਰਚ ਕੀਤੇ ਗਏ ਹਨ। ਆਸਾਮ ਲਈ ਸਾਲ 2013-14 ਵਿੱਚ 17714.66 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 4180.97 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 16998.36 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 6704.53 ਲੱਖ ਰੁਪਏ (39.44ਗ) ਖਰਚ ਕੀਤੇ ਗਏ ਹਨ। ਬਿਹਾਰ ਲਈ ਸਾਲ 2013-14 ਵਿੱਚ 13537.49 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ ਕੋਈ ਵੀ ਰੁਪਿਆ ਜਾਰੀ ਨਹੀਂ ਕੀਤਾ ਗਿਆ ਪਰ ਪਿਛਲੇ ਬਕਾਇਆ ਫੰਡ 35917.09 ਲੱਖ ਰੁਪਏ ਪਏ ਸਨ ਜਿਸ ਵਿੱਚੋਂ ਸਿਰਫ 11574.82 ਲੱਖ ਰੁਪਏ (32.23%) ਖਰਚ ਕੀਤੇ ਗਏ ਹਨ। ਛਤੀਸਗੜ੍ਹ ਲਈ ਸਾਲ 2013-14 ਵਿੱਚ 2781.82 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ ਕੋਈ ਵੀ ਰੁਪਿਆ ਜਾਰੀ ਨਹੀਂ ਕੀਤਾ ਗਿਆ ਪਰ ਪਿਛਲੇ ਬਕਾਇਆ ਫੰਡ 7962.92 ਲੱਖ ਰੁਪਏ ਪਏ ਸਨ ਜਿਸ ਵਿੱਚੋਂ ਸਿਰਫ 3277.72 ਲੱਖ ਰੁਪਏ (41.16%) ਖਰਚ ਕੀਤੇ ਗਏ ਹਨ। ਦਾਦਰ ਅਤੇ ਨਾਗਰ ਹਵੇਲੀ ਲਈ ਸਾਲ 2013-14 ਵਿੱਚ ਕੋਈ ਫੰਡ ਨਹੀ ਰੱਖਿਆ ਗਿਆ ਜਦਕਿ ਪਿਛਲਾ ਬਕਾਇਆ ਫੰਡ 1.48 ਲੱਖ ਰੁਪਏ ਖਰਚ ਨਹੀਂ ਕੀਤੇ ਗਏ ਹਨ। ਗੋਆ ਲਈ ਸਾਲ 2013-14 ਵਿੱਚ 791.69 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ ਕੋਈ ਵੀ ਫੰਡ ਜਾਰੀ ਨਹੀਂ ਕੀਤਾ ਗਿਆ ਜਦਕਿ ਪਿਛਲਾ ਬਕਾਇਆ ਫੰਡ 43.88 ਲੱਖ ਰੁਪਏ ਖਰਚ ਨਹੀਂ ਕੀਤੇ ਗਏ ਹਨ। ਗੁਜ਼ਰਾਤ ਲਈ ਸਾਲ 2013-14 ਵਿੱਚ 18393.81 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 5264.10 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 10002.10 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 5056.86 ਲੱਖ ਰੁਪਏ (50.56%) ਖਰਚ ਕੀਤੇ ਗਏ ਹਨ। ਹਰਿਆਣਾ ਲਈ ਸਾਲ 2013-14 ਵਿੱਚ 26235.01 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 13117.51 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 13745.12 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 3561.50 ਲੱਖ ਰੁਪਏ (25.91%) ਖਰਚ ਕੀਤੇ ਗਏ ਹਨ। ਹਿਮਾਚਲ ਪ੍ਰਦੇਸ਼ ਲਈ ਸਾਲ 2013-14 ਵਿੱਚ 6099.47 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 3049.74 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 4113.47 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 2261.76 ਲੱਖ ਰੁਪਏ (54.98%) ਖਰਚ ਕੀਤੇ ਗਏ ਹਨ। ਜੰਮੂ ਅਤੇ ਕਸ਼ਮੀਰ ਲਈ ਸਾਲ 2013-14 ਵਿੱਚ 7914.40 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 3957.20 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 5119.88 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 3294.03 ਲੱਖ ਰੁਪਏ (64.34%) ਖਰਚ ਕੀਤੇ ਗਏ ਹਨ। ਝਾਰਖੰਡ ਲਈ ਸਾਲ 2013-14 ਵਿੱਚ 8788.24 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ ਕੋਈ ਵੀ ਫੰਡ ਜਾਰੀ ਨਹੀਂ ਕੀਤਾ ਗਿਆ ਪਰ ਪਿਛਲੇ ਬਕਾਇਆ ਫੰਡ 13215.85 ਲੱਖ ਰੁਪਏ ਪਏ ਸਨ ਜਿਸ ਵਿੱਚੋਂ ਸਿਰਫ 4022.36 ਲੱਖ ਰੁਪਏ (30.44%) ਖਰਚ ਕੀਤੇ ਗਏ ਹਨ।


ਕਰਨਾਟਕਾ ਲਈ ਸਾਲ 2013-14 ਵਿੱਚ 6594.68 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 6594.68 ਲੱਖ ਰੁਪਏ ਹੀ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 22931.23 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 11814.12 ਲੱਖ ਰੁਪਏ (51.52%) ਖਰਚ ਕੀਤੇ ਗਏ ਹਨ। ਕੇਰਲਾ ਲਈ ਸਾਲ 2013-14 ਵਿੱਚ 4301.20 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 4301.20 ਲੱਖ ਰੁਪਏ ਹੀ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 4881.65 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 2510.83 ਲੱਖ ਰੁਪਏ (51.43%) ਖਰਚ ਕੀਤੇ ਗਏ ਹਨ। ਮੱਧ ਪ੍ਰਦੇਸ਼ ਲਈ ਸਾਲ 2013-14 ਵਿੱਚ 66038.88 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 66038.88 ਲੱਖ ਰੁਪਏ ਹੀ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 80153.78 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 24785.54 ਲੱਖ ਰੁਪਏ (30.92%) ਖਰਚ ਕੀਤੇ ਗਏ ਹਨ। ਮਹਾਰਾਸ਼ਟਰ ਲਈ ਸਾਲ 2013-14 ਵਿੱਚ 15161.04 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 3646.30 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 15644.70 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 10967.97 ਲੱਖ ਰੁਪਏ (70.11%) ਖਰਚ ਕੀਤੇ ਗਏ ਹਨ। ਮਨੀਪੁਰ ਲਈ ਸਾਲ 2013-14 ਵਿੱਚ ਕੋਈ ਫੰਡ ਨਹੀਂ ਰੱਖਿਆ ਗਿਆ ਪਰ ਪਿਛਲੇ ਬਕਾਇਆ ਫੰਡ 2650.14 ਲੱਖ ਰੁਪਏ ਪਏ ਸਨ ਜਿਸ ਵਿੱਚੋਂ ਸਿਰਫ 1083.02 ਲੱਖ ਰੁਪਏ (40.87%) ਖਰਚ ਕੀਤੇ ਗਏ ਹਨ। ਮੇਘਾਲਿਆ ਲਈ ਸਾਲ 2013-14 ਵਿੱਚ 10303.66 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 10303.65 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 12213.31 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 4241.52 ਲੱਖ ਰੁਪਏ (34.73%) ਖਰਚ ਕੀਤੇ ਗਏ ਹਨ। ਮਿਜ਼ੋਰਮ ਲਈ ਸਾਲ 2013-14 ਵਿੱਚ 805.87 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 805.88 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 1348.20 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 395.63 ਲੱਖ ਰੁਪਏ (29.35%) ਖਰਚ ਕੀਤੇ ਗਏ ਹਨ। ਨਾਗਾਲੈਂਡ ਲਈ ਸਾਲ 2013-14 ਵਿੱਚ ਕੋਈ ਫੰਡ ਨਹੀਂ ਰੱਖਿਆ ਗਿਆ ਪਰ ਪਿਛਲੇ ਬਕਾਇਆ ਫੰਡ 1825.06 ਲੱਖ ਰੁਪਏ ਪਏ ਸਨ ਜਿਸ ਵਿੱਚੋਂ 1780.75 ਲੱਖ ਰੁਪਏ (97.57%) ਖਰਚ ਕੀਤੇ ਗਏ ਹਨ। ਉੜੀਸਾ ਲਈ ਸਾਲ 2013-14 ਵਿੱਚ 12061.02 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ ਕੋਈ ਵੀ ਰੁਪਿਆ ਜਾਰੀ ਨਹੀਂ ਕੀਤਾ ਗਿਆ ਪਰ ਪਿਛਲੇ ਬਕਾਇਆ ਫੰਡ 17610.54 ਲੱਖ ਰੁਪਏ ਪਏ ਸਨ ਜਿਸ ਵਿੱ-ਚੋਂ ਸਿਰਫ 1851.58 ਲੱਖ ਰੁਪਏ (10.51%) ਖਰਚ ਕੀਤੇ ਗਏ ਹਨ। ਪੁਡੂਚੇਰੀ ਲਈ ਸਾਲ 2013-14 ਵਿੱਚ ਕੋਈ ਫੰਡ ਨਹੀਂ ਰੱਖਿਆ ਗਿਆ ਪਰ ਪਿਛਲੇ ਬਕਾਇਆ ਫੰਡ 23.12 ਲੱਖ ਰੁਪਏ ਵਿੱਚੋਂ ਵੀ ਕੋਈ ਰੁਪਿਆ ਖਰਚ ਨਹੀਂ ਕੀਤਾ ਗਿਆ ਹੈ। ਪੰਜਾਬ ਲਈ ਸਾਲ 2013-14 ਵਿੱਚ 2250.73 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ ਕੋਈ ਵੀ ਰੁਪਿਆ ਜਾਰੀ ਨਹੀਂ ਕੀਤਾ ਗਿਆ ਪਰ ਪਿਛਲੇ ਬਕਾਇਆ ਫੰਡ 1391.78 ਲੱਖ ਰੁਪਏ ਪਏ ਸਨ ਜਿਸ ਵਿੱਚੋਂ ਸਿਰਫ 287.43 ਲੱਖ ਰੁਪਏ (20.65%) ਖਰਚ ਕੀਤੇ ਗਏ ਹਨ।

ਰਾਜਸਥਾਨ ਲਈ ਸਾਲ 2013-14 ਵਿੱਚ 14470.06 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ ਕੋਈ ਵੀ ਰੁਪਿਆ ਜਾਰੀ ਨਹੀਂ ਕੀਤਾ ਗਿਆ ਪਰ ਪਿਛਲੇ ਬਕਾਇਆ ਫੰਡ 15138.49 ਲੱਖ ਰੁਪਏ ਪਏ ਸਨ ਜਿਸ ਵਿੱਚੋਂ ਜਿਸ ਵਿੱਚੋਂ ਸਿਰਫ 7162.29 ਲੱਖ ਰੁਪਏ (47.31%) ਖਰਚ ਕੀਤੇ ਗਏ ਹਨ। ਸਿੱਕਮ ਲਈ ਸਾਲ 2013-14 ਵਿੱਚ 825.05 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 825.06 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 1105.44 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 482.69 ਲੱਖ ਰੁਪਏ (43.66%) ਖਰਚ ਕੀਤੇ ਗਏ ਹਨ। ਤਾਮਿਲਨਾਡੂ ਲਈ ਸਾਲ 2013-14 ਵਿੱਚ 31192.31 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 31192.30 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 38272.28 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 16717.44 ਲੱਖ ਰੁਪਏ (43.68%) ਖਰਚ ਕੀਤੇ ਗਏ ਹਨ। ਤ੍ਰਿਪੁਰਾ ਲਈ ਸਾਲ 2013-14 ਵਿੱਚ 3296.52 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 1401.41 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 2066.58 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 490.15 ਲੱਖ ਰੁਪਏ (23.72%) ਖਰਚ ਕੀਤੇ ਗਏ ਹਨ। ਉੱਤਰ ਪ੍ਰਦੇਸ਼ ਲਈ ਸਾਲ 2013-14 ਵਿੱਚ 75263.16 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 37631.58 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 54402.40 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 25095.64 ਲੱਖ ਰੁਪਏ (46.13%) ਖਰਚ ਕੀਤੇ ਗਏ ਹਨ। ਉਤਰਾਖੰਡ ਲਈ ਸਾਲ 2013-14 ਵਿੱਚ 2056.42 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 528.05 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 2505.47 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 1731.33 ਲੱਖ ਰੁਪਏ (69.10%) ਖਰਚ ਕੀਤੇ ਗਏ ਹਨ।










ਪੱਛਮੀ ਬੰਗਾਲ ਲਈ ਸਾਲ 2013-14 ਵਿੱਚ 24234.16 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 11147.11 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਪਏ ਫੰਡਾਂ ਨਾਲ ਮਿਲਾ ਕੇ 30758.67 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 18092.01 ਲੱਖ ਰੁਪਏ (58.82%) ਖਰਚ ਕੀਤੇ ਗਏ ਹਨ। ਜੇਕਰ ਸਾਰੇ ਦੇਸ਼ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਸਾਲ 2013-14 ਵਿੱਚ ਸਾਰੇ ਦੇਸ਼ ਲਈ 388364.29 ਲੱਖ ਰੁਪਏ ਰੱਖੇ ਗਏ ਜਿਸ ਵਿੱਚੋਂ 219028.37 ਲੱਖ ਰੁਪਏ ਜਾਰੀ ਕੀਤੇ ਗਏ ਜੋ ਕਿ ਪਿਛਲੇ ਬਕਾਇਆ ਫੰਡਾਂ ਨਾਲ ਮਿਲਕੇ 452908.83 ਲੱਖ ਰੁਪਏ ਹੋ ਗਏ ਜਿਸ ਵਿੱਚੋਂ ਸਿਰਫ 182110.10 ਲੱਖ ਰੁਪਏ (40.21%) ਖਰਚ ਕੀਤੇ ਗਏ ਹਨ। ਪੰਜਾਬ ਰਾਜ ਵਿੱਚ ਪਿਛਲੇ 10 ਸਾਲਾਂ ਦੌਰਾਨ ਇਸ ਸਕੀਮ ਲਈ 20 ਪ੍ਰੋਜੈਕਟ ਬਣਾਏ ਗਏ ਅਤੇ 214.45 ਕਰੋੜ ਰੁਪਏ ਖਰਚਣ ਦਾ ਟੀਚਾ ਰੱਖਿਆ ਗਿਆ ਸੀ ਜਿਸ ਲਈ ਕੇਂਦਰ ਸਰਕਾਰ ਨੇ 136.83 ਕਰੋੜ ਰੁਪਏ, ਸੂਬਾ ਸਰਕਾਰ ਨੇ 55.78 ਕਰੋੜ ਰੁਪਏ ਅਤੇ ਲਾਭਪਾਤਰੀਆਂ ਨੇ 21.84 ਕਰੋੜ ਰੁਪਏ ਖਰਚਣੇ ਸੀ। ਬਦਕਿਸਮਤੀ ਨਾਲ 2001 ਤੋਂ ਲੈ ਕੇ 31 ਮਾਰਚ 2011 ਤੱਕ 214.45 ਕਰੋੜ ਰੁਪਏ ਦੀ ਐਲੋਕੇਸ਼ਨ ਵਾਲੀ ਇਸ ਸਕੀਮ ਅਧੀਨ ਸਿਰਫ 34 ਕਰੋੜ ਰੁਪਏ ਹੀ ਜਾਰੀ ਕੀਤੇ ਗਏ ਜਿਸ ਵਿੱਚ ਕੇਂਦਰ ਸਰਕਾਰ ਨੇ 26.38 ਕਰੋੜ ਰੁਪਏ, ਸੂਬਾ ਸਰਕਾਰ ਨੇ 6.66 ਕਰੋੜ ਰੁਪਏ ਅਤੇ ਲਾਭਪਾਤਰੀਆਂ ਨੇ 0.96 ਕਰੋੜ ਰੁਪਏ ਦਾ ਯੋਗਦਾਨ ਦਿੱਤਾ। ਜਾਰੀ ਕੀਤੇ ਗਏ 34 ਕਰੋੜ ਰੁਪਏ ਵਿੱਚੋਂ ਵੀ ਸਿਰਫ 15.32 ਕਰੋੜ ਰੁਪਏ ਖਰਚ ਕੀਤੇ ਗਏ ਜੋ ਕਿ ਮੁਕੰਮਲ ਪਖਾਨਾ ਮੁਹਿੰਮ ਯੋਜਨਾ ਦੇ ਫੇਲ ਹੋਣ ਦਾ ਪ੍ਰਮਾਣ ਹੈ।

ਸਾਡੇ ਕਈ ਗੁਆਂਢੀ ਦੇਸ਼ ਇਸ ਮਾਮਲੇ ਵਿੱਚ ਅੱਗੇ ਹਨ। ਬੰਗਲਾ ਦੇਸ਼ ਨੇ ਪਿਛਲੇ ਦੋ ਸਾਲਾਂ ਦੌਰਾਨ ਹੀ ਬਿਨਾਂ ਪਖਾਨੇ ਦੀ ਸਹੂਲਤ ਵਾਲੇ ਲੋਕਾਂ ਦੀ ਗਿਣਤੀ 19 ਫਿਸਦੀ ਤੋਂ ਘਟਾਕੇ 3 ਫਿਸਦੀ ਤੱਕ ਪਹੁੰਚਾ ਦਿਤੀ ਹੈ।

ਭਾਰਤ ਸਰਕਾਰ ਵਲੋਂ ਵੀ 2017 ਤੱਕ ਹਰ ਵਿਅਕਤੀ ਅਤੇ ਪਰਿਵਾਰ ਤੱਕ ਇਹ ਪਖਾਨਾ ਸਹੂਲਤ ਪਹੁੰਚਾਣ ਦਾ ਟੀਚਾ ਰੱਖਿਆ ਹੈ ਤਾਂ ਜੋ ਕਿਸੇ ਵੀ ਵਿਅਕਤੀ ਨੂੰ ਇਸ ਮੰਤਬ ਲਈ ਖੁੱਲੇ ਵਿੱਚ ਨਾ ਜਾਣਾ ਪਵੇ।

## ਸ: ਭਗਵਾਨ ਸਿੰਘ ਜੀ 100 ਵਰ੍ਹਿਆਂ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ

**ਸੈਕਰਾਮੈਂਟੋ-** ਸ: ਭਗਵਾਨ ਸਿੰਘ ਜੋ ਕਿ ਕਾਫੀ ਸਮੇਂ ਤੋਂ ਸੈਕਰਾਮੈਂਟੋ ਰਹਿ ਰਹੇ ਸਨ ਅਤੇ ਜਿਹੜੇ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਦੇ ਬੜੇ ਹੀ ਸ਼ਰਧਾਲੂ ਸਨ ਅੰਤ 26 ਅਕਤੂਬਰ 2014 ਨੂੰ 100 ਵਰ੍ਹਿਆਂ ਦੀ ਉਮਰ ਭੋਗ ਕੇ ਸਵਰਗ ਸਿਧਾਰ ਗਏ। ਉਹ ਬਹੁਤ ਹੀ ਠੰਡੇ ਸੁਭਾਅ ਦੇ ਮਾਲਕ ਸਨ। ਉਹ ਸਵੇਰੇ ਉਠ ਕੇ ਰੋਜ਼ਾਨਾ ਹੀ ਨਿੱਤਨੇਮ ਕਰਿਆ ਕਰਦੇ ਸਨ। ਉਹਨਾਂ ਦਾ ਪਿਛਲਾ ਪਿੰਡ ਰਹੱਲੀ ਹੁਸ਼ਿਆਰਪੁਰ ਵਿਚ ਸੀ। ਉਹਨਾਂ ਦਾ ਜਨਮ 14 ਜੂਨ 1914 ਨੂੰ ਹੋਇਆ ਸੀ। ਉਹਨਾਂ ਦਾ ਅੰਤਿਮ ਸਸਕਾਰ 31 ਅਕਤੂਬਰ 2014 ਨੂੰ ਕਰ ਦਿੱਤਾ ਗਿਆ। ਉਹਨਾਂ ਦੀ ਆਤਮਕ ਸ਼ਾਂਤੀ ਲਈ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਅੰਤਿਮ ਅਰਦਾਸ ਕੀਤੀ ਗਈ। ਉਹ ਪਿੱਛੇ ਕਾਫੀ ਵੱਡਾ ਪਰਿਵਾਰ ਛੱਡ ਗਏ ਹਨ। ਅਦਾਰਾ ''ਦੇਸ਼ ਦੁਆਬਾ'' ਇਸ ਦੁੱਖ ਦੀ ਘੜੀ ਵਿਚ ਦੁਖੀ ਪਰਿਵਾਰ ਦੇ ਨਾਲ ਹਮਦਰਦੀ ਪ੍ਰਗਟ ਕਰਦਾ ਹੈ।



## ਬੀਬੀ ਪ੍ਰਕਾਸ਼ ਕੌਰ ਨਹੀਂ ਰਹੇ

**ਰਿਓਲਿੰਡਾ-** ਸ੍ਰੀ ਗੁਰੂ ਰਵਿਦਾਸ ਗੁਰੂ ਘਰ ਰਿਓਲਿੰਡਾ ਵਿਖੇ ਹਮੇਸ਼ਾ ਸੇਵਾ ਕਰਦੇ ਰਹਿਣ ਵਾਲੇ ਅਤੇ ਸਮਾਜ ਸੇਵਾ ਲਈ ਸਰਗਰਮ ਬੀਬੀ ਪ੍ਰਕਾਸ਼ ਕੌਰ ਜੀ ਪਿਛਲੇ ਦਿਨੀਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਬੀਬੀ ਪ੍ਰਕਾਸ਼ ਕੌਰ ਜੀ ਦਾ ਅੰਤਿਮ ਸੰਸਕਾਰ ਦਿਨ ਸ਼ੁੱਕਰਵਾਰ 24 ਨਵੰਬਰ ਨੂੰ ਸਵੇਰੇ 10 ਵਜੇ ਤੋਂ 1 ਵਜੇ ਦਰਮਿਆਨ 6100 ਸਟਾਕਟਨ ਬੁਲੇਵਾਡ, ਸੈਕਰਾਮੈਂਟੋ ਵਿਖੇ ਕੀਤਾ ਜਾਵੇਗਾ।

ਬੀਬੀ ਪ੍ਰਕਾਸ਼ ਕੌਰ ਗੁਰੂ ਘਰ ਰਿਓਲਿੰਡਾ ਦੇ ਸਾਬਕਾ ਚੇਅਰਮੈਨ ਤੇ ਪੀ. ਆਰ. ਓ. ਸ੍ਰੀ ਤਵਿੰਦਰ ਕਾਜਲਾ ਦੇ ਸੱਸ ਮਾਤਾ ਸਨ। ਬੀਬੀ ਪ੍ਰਕਾਸ਼ ਕੌਰ ਪਿੱਛੇ ਤਿੰਨ ਲੜਕੇ ਮੋਹਨ ਲਾਲ ਸਿਮਕ, ਬਰਿੰਦਰ ਸਿਮਕ, ਬੰਟੀ ਸਿਮਕ ਅਤੇ ਲੜਕੀ ਸੁਰਿੰਦਰ ਕੌਰ ਪੋਤੇ-ਪੋਤੀਆਂ ਤੇ ਦੋਹਤੇ -ਦੋਹਤੀਆਂ ਛੱਡ ਗਏ ਹਨ। ਅਦਾਰਾ ''ਦੇਸ਼ ਦੁਆਬਾ'' ਇਸ ਦੁੱਖ ਦੀ ਘੜੀ ਵਿਚ ਦੁਖੀ ਪਰਿਵਾਰ ਦੇ ਨਾਲ ਹਮਦਰਦੀ ਪ੍ਰਗਟ ਕਰਦਾ ਹੈ।

# ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ''



-ਮਨਜੀਤ ਸਿੰਘ ਕਲਕੱਤਾ

ਗੁਰੂ ਨਾਨਕ ਦੇਵ ਇਤਿਹਾਸ ਦੇ ਇੱਕ ਨਾਇਕ ਹੀ ਨਹੀਂ ਬਲਕਿ ਨੂਰਾਨੀ ਜੋਤ, ਗਿਆਨ ਦੀ ਜਗਮਗ ਮਸ਼ਾਲ, ਰੱਬੀ ਰਹਿਮਤਾਂ ਤੇ ਬਖਸ਼ਿਸ਼ਾਂ ਦਾ ਅਤੁੱਟ ਭੰਡਾਰ ਹਨ। ਧਰਮ, ਅਰਥ, ਸਮਾਜ ਅਤੇ ਰਾਜਨੀਤੀ ਦੀ ਸੂਹੀ ਸਜਰੀ ਸਵੇਰ ਅਤੇ ਆਸ਼ਾ ਤੇ ਆਸਥਾ ਦੀ ਸ਼ੁੱਭ ਪ੍ਰਭਾਤ ਹਨ। ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਦੇ ਆਗਮਨ ਨੂੰ ਸੂਰਜ ਦਾ ਉਦੈ ਅਥਵਾ ਸੱਚ ਦਾ ਪ੍ਰਕਾਸ਼ ਦੱਸਦੇ ਹਨ ਅਤੇ ਪਾਤਸ਼ਾਹ ਦੇ ਬੋਲਾਂ ਨੂੰ 'ਸਿੰਘ ਗਰਜ਼'।

ਸਚ ਕੀ ਬਾਣੀ ਨਾਨਕ ਆਖੈ
ਸਚਿ ਸੁਣਾਇ ਸੀ ਸਚ ਕੀ ਬੇਲਾ

ਪਾਰਬ੍ਰਹਮ ਪ੍ਰਮੇਸ਼ਵਰ ਨੇ ਸ੍ਰਿਸ਼ਟੀ ਦੇ ਦੁਖ ਦਰਦ ਨਵਿਰਤ ਕਰਨ ਅਤੇ ਸੁਖ ਆਨੰਦ ਦੀਆਂ ਬਖਸ਼ਿਸ਼ਾਂ ਵੰਡਣ ਲਈ, ''ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ'' ਅਰਥਾਤ ਪ੍ਰਮਾਤਮਾ ਨੇ ਆਪਣੀ ਜਵੰਤ ਜੋਤ ਗੁਰੂ ਨਾਨਕ ਵਿਚ ਰਖ ਕੇ ਪ੍ਰਕਾਸ਼ਮਾਨ ਕੀਤੀ। ਸਵਾਮੀ ਵਿਵੇਕਾਨੰਦ ਕਹਿੰਦੇ ਹਨ ਕਿ 'ਤਤਕਾਲੀਨ ਸੰਸਾਰ ਦੀ ਐਸੀ ਦੁਰਦਸ਼ਾ, ਸਤਾਏ ਹੋਏ ਮਨੁੱਖ ਦੀ ਆਵਾਜ਼ ਸੁਣ, ਪ੍ਰਮਾਤਮਾ ਦੀ ਅੱਖ ਵਿੱਚੋਂ ਇੱਕ ਹੰਝੂ ਵਗਿਆ ਜੋ ਗੁਰੂ ਨਾਨਕ ਦੇਵ ਦੇ ਰੂਪ ਵਿੱਚ ਜਗਤ ਵਿੱਚ ਪ੍ਰਗਟ ਹੋਇਆ। ਤ੍ਰਿਸ਼ਨਾ, ਪਾਖੰਡ, ਅਗਿਆਨਤਾ ਅਤੇ ਜ਼ੁਲਮ ਵਿੱਚ ਨਪੀੜੇ ਮਨੁੱਖ ਦੀ ਦਰਦ ਭਰੀ ਪੁਕਾਰ ਨੂੰ ਸੁਣ ਅਕਾਲ ਪੁਰਖ ਨੇ ਰਾਇ ਭੋਇ ਦੀ ਤਲਵੰਡੀ (ਜੋ ਜਗਤ ਪ੍ਰਸਿੱਧ ਨਨਕਾਣਾ ਸਾਹਿਬ ਦੇ ਨਾਂ ਨਾਲ ਜਾਣੀ ਜਾਂਦੀ ਹੈ) ਦੀ ਸੁਭਾਗ ਧਰਤੀ 'ਤੇ ਸੰਨ 1469 ਵਿੱਚ ਪਿਤਾ ਕਲਿਆਣ ਦਾਸ ਅਥਵਾ ਮਹਿਤਾ ਕਾਲੂ ਦੇ ਗ੍ਰਹਿ, ਮਾਤਾ ਤ੍ਰਿਪਤਾ ਦੀ ਕੁਖੋਂ ਅਗੰਮੀ ਨੂਰ ਦੇ ਰੂਪ 'ਚ ਆਗਮਨ ਕੀਤਾ,

"ਉਹ ਆਪ ਨਰਾਇਣ ਕਲਾ ਧਾਰਿ ਜਗਿ ਮੇ ਪਰਵਰਿਓ।''

ਸਾਧੂ ਟੀ.ਐਲ.ਵਾਸਵਾਨੀ ਬਿਆਨ ਕਰਦਾ ਹੈ ਕਿ ਰਾਜ ਕੁਮਾਰ ਸਿਧਾਰਥ ਨੇ ਗਯਾ (ਬਿਹਾਰ) ਸਰਿਊ ਨਦੀ ਦੇ ਕੰਢੇ 12 ਸਾਲ ਘੋਰ ਤਪੱਸਿਆ ਕਰ ਕੇ ''ਬੁਧਤਵ'' ਦੀ ਪ੍ਰਾਪਤੀ ਕੀਤੀ ਲੇਕਿਨ ਗੁਰੂ ਨਾਨਕ ਤਾਂ ਬਖਸ਼ ਦਰ ਪ੍ਰਾਪਤ ਕਰ ਪਾਰਬ੍ਰਹਮ ਪ੍ਰਮੇਸ਼ਵਰ ਵਿੱਚ ਇਕ ਸਰੂਪਤਾ ਪ੍ਰਾਪਤ ਕਰ ਉਸ ਦੀ ਆਗਿਆ ਨਾਲ ਜਗਤ ਜਲੰਦੇ ਦੇ ਉਦਾਰ ਲਈ ਸੰਸਾਰ ਵਿੱਚ ਪ੍ਰਗਟ ਹੋਏ, ਗੁਰੂ ਨਾਨਕ ਪੈਦਾ ਹੀ ਦੇਵਬੁਧਾ ਹੋਏ। ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਫਿਰਿ ਘਾਲਿ ਕਮਾਈ''। ਵਹਿਮਾਂ-ਭਰਮਾਂ ਅਤੇ ਅਗਿਆਨਤਾ ਦਾ ਹਨੇਰਾ ਦੂਰ ਕਰਨਾ, ਤ੍ਰਿਸ਼ਨਾ ਅਗਨ ਵਿੱਚ ਜਲ ਬਲ ਰਹੇ ਸੰਸਾਰ ਦੇ ਉਧਾਰ ਲਈ ਪਾਖੰਡ, ਪਾਪ, ਅਨਿਆਂ ਅਤੇ ਜ਼ੁਲਮ ਤੋਂ ਲੋਕਾਈ ਨੂੰ ਮੁਕਤ ਕਰਨ ਦੇ ਰੱਬੀ ਆਦੇਸ਼ ਦੀ ਪੂਰਤੀ ਲਈ ਸੁਲਤਾਨਪੁਰ ਲੋਧੀ ਸਥਿਤ ਵੇਈਂ ਨਦੀ ਵਿੱਚ ਤਿੰਨ ਦਿਨ ਤੇ ਤਿੰਨ ਰਾਤਾਂ ਜਲ-ਸਮਾਧੀ ਦੌਰਾਨ ਪਰਮ ਪਿਤਾ ਪ੍ਰਮੇਸ਼ਵਰ ਪਾਸੋਂ ਗੁਰ ਪ੍ਰਮੇਸ਼ਰ ਦੀ ਪਦਵੀ ਪ੍ਰਾਪਤ ਕਰ ਰੱਬੀ ਆਦੇਸ਼ ਤੇ ਆਵੇਸ਼ ਅਨੁਸਾਰ ''ਪ੍ਰਭੁ ਕਾ ਧਰਮ ਪੰਥ'' ਪ੍ਰਗਟ ਕਰਨ ਲਈ ਪਹਿਲਾ ਉਪਦੇਸ਼ ਇਸੇ ਇਤਿਹਾਸਕ ਸਥਾਨ 'ਤੇ ਨਸ਼ਰ ਕੀਤਾ।

ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ ਖੱਫਨੀ ਸਿਰ 'ਤੇ ਬੰਨ੍ਹ ਕਿਹਾ 'ਨਾ ਕੋਈ ਹਿੰਦੂ ਨਾ ਮੁਸਲਮਾਨ'। ਇਥੇ ਹੀ ਮੂਲ ਮੰਤਰ'' ੧ੳ ਅੰਕਾਰ ਤੋਂ ਗੁਰ ਪ੍ਰਸਾਦਿ' ਤੀਕ ਉਚ-ਾਰਿਆ। ਦ੍ਰਿੜ੍ਹ ਕਰਵਾਇਆ ਕਿ ਪਰਮ ਸੱਤ ਕੇਵਲ ਇਕ ਹੈ ਜੋ ਵੰਡਿਆ ਨਹੀਂ ਜਾ ਸਕਦਾ ਅਤੇ ਨਾ ਹੀ ਵਧਾਇਆ ਘਟਾਇਆ ਜਾ ਸਕਦਾ ਹੈ। ਉਹ ਕੇਵਲ ਸਤਿ ਹੈ ਅਤੇ ਇਹੀ ਉਸ ਦਾ ਪਰਾ ਪੂਰਬਲਾ ਨਾਮ ਹੈ, ਉਹ ਅਨਾਮ ਹੈ ਲੇਕਿਨ ਉਸ ਦੇ ਗੁਣਾਤਮਿਕ ਨਾਮ-ਉਹ ਸ੍ਰਿਸ਼ਟੀ ਦਾ ਕਰਤਾ ਹੈ, ਡਰ ਭੈਅ ਅਤੇ ਵੈਰ ਤੋਂ ਰਹਿਤ ਹੈ, ਸਮੇਂ-ਕਾਲ ਵਿਚ ਸੀਮਤ ਨਹੀਂ, ਗਰਭ ਵਿੱਚ ਨਹੀਂ ਆਉਂਦਾ, ਸਵੈ ਪ੍ਰਕਾਸ਼ਮਾਨ ਹੈ ਅਤੇ ਸੱਚੇ ਗੁਰੂ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ। ਪ੍ਰਮਾਤਮਾ ਦੀ ਹਸਤੀ ਨਾ ਹਿੰਦੂ ਤੇ ਨਾ ਮੁਸਲਮਾਨ ਹੈ। ਮਜ਼੍ਹਬਾਂ ਦੇ ਨਾਮ 'ਤੇ ਲੜਨ ਵਾਲੇ ਆਪਣੇ ਮਜ਼ਹਬ ਨੂੰ ਉਚਾ ਅਤੇ ਪਾਕ ਅਤੇ ਦੂਸਰੇ ਮਜ਼੍ਹਬ ਨੂੰ ਨੀਵਾਂ ਦਿਖਾਉਣ ਦੇ ਹੰਕਾਰ ਵਿੱਚ ਸਮਾਜ ਨੂੰ ਵੰਡ ਕੇ ਲੜਾ ਰਹੇ ਸਨ। ਰਾਮ ਤੇ ਰਹੀਮ ਨੂੰ ਲੜਾਇਆ ਜਾ ਰਿਹਾ ਸੀ ਲੇਕਿਨ ਗੁਰੂ ਨਾਨਕ ਪਾਤਸ਼ਾਹ ਨੇ ਸਪਸ਼ਟ ਕੀਤਾ ਕਿ ਸਾਰੇ ਧਰਮ ਪ੍ਰਮਾਤਮਾ ਤੋਂ ਹੀ ਉਪਜੇ ਹਨ। ਅੰਤਰ ਆਤਮੇ ਜਗਤ ਦੇ ਦੁਖਾਂਤ ਨੂੰ ਅਨੁਭਵ ਕਰਦਿਆਂ ਗੁਰੂ ਪਾਤਸ਼ਾਹ ਨੇ 'ਧਰਤ ਲੁਕਾਈ ਸੋਧਣ' ਲਈ ਕਾਰਜ ਆਰੰਭਿਆ।

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ''
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ਚੜ੍ਹਿਆ ਸੋਧਣ ਧਰਤਿ ਲੋਕਾਈ'' (ਭਾਈ ਗੁਰਦਾਸ)

ਮਾਤਾ ਸੁਲੱਖਣੀ ਜੀ ਦੇ ਤਰਲੇ ਮਿੰਨਤਾਂ, ਭੈਣ ਨਾਨਕੀ ਜੀ ਦਾ ਵੈਰਾਗ, ਦੋ ਛੋਟੇ ਸਪੁੱਤਰਾਂ ਸ੍ਰੀਚੰਦ ਅਤੇ ਲਖਮੀ ਦਾਸ ਦਾ ਪਿਆਰ ਅਤੇ ਮਾਤਾ ਤ੍ਰਿਪਤਾ ਜੀ ਦੀ ਮਮਤਾ, ਗੁਰੂ ਜੀ ਦਾ ਰਾਹ ਨਾ ਰੋਕ ਸਕੀਆਂ। ਤਲਵੰਡੀ ਤੋਂ ਹੀ ਸੰਗੀਤ ਦੀ ਡਾਢੀ ਸਮਝ ਰੱਖਣ ਵਾਲੇ ਇਕ ਮਿਰਾਸੀ 'ਦਾਨਾ' ਦਾ ਸਾਥ ਪ੍ਰਾਪਤ ਕਰ, ਫ਼ੁਰਮਾਇਆ, 'ਦਾਨਿਆ ਜੇ ਬਾਣੀ ਨੂੰ ਰਾਗ ਵਿੱਚ ਮਿਲਾ ਕੇ ਗਾਵੇਂ ਤਾਂ 'ਮਰਦਾਨਾ' ਕਹਾਏਂ।

ਧਰਮ ਵਿਚ ਆਈ ਗਿਲਾਨੀ ਤੇ ਗਿਰਾਵਟ ਦਾ ਕੇਂਦਰ ਬਣੇ ਧਰਮ ਅਸਥਾਨਾਂ ਵੱਲ ਹੀ ਕਦਮ ਵਧਾਏ। ਹਰਿਦੁਆਰ ਤੋਂ ਰਮੇਸ਼ਵਰਮ ਅਤੇ ਸ੍ਰੀਲੰਕਾ ਤੀਕ ਗੁਰੂ ਪਾਤਸ਼ਾਹ ਹਰ ਧਰਮ ਅਸਥਾਨ 'ਤੇ ਗਏ ਅਤੇ ਉਥੇ ਫੈਲੇ ਪਖੰਡ, ਕੁਰੀਤੀਆਂ ਅਤੇ ਭ੍ਰਿਸ਼ਟਾਚਾਰ ਨੂੰ ਚੁਣੌਤੀ ਦਿੱਤੀ, ਇਨ੍ਹਾਂ ਅਸਥਾਨਾਂ 'ਤੇ ਚਲ ਰਹੇ ਬੇਮਾਇਨੇ ਰੀਤੀ-ਰਿਵਾਜ਼ਾਂ ਦੇ ਖ਼ਿਲਾਫ਼, ਉਲਟ ਕਾਰਜ ਕਰ ਲੋਕਾਈ ਦਾ ਧਿਆਨ ਖਿੱਚਿਆ, ਹਰਿਦੁਆਰ ਵਿਖੇ ਪੂਰਬ (ਸੂਰਜ ਪੂਰਵਜ਼ਾਂ) ਨੂੰ ਪਾਣੀ ਦੇਣ ਦੀ ਬਜਾਏ ਪੱਛਮ ਵਲ ਜਲ ਦੇ ਕੇ ਧਰਮ ਪ੍ਰੋਹਿਤਾਂ ਨੂੰ ਸਵਾਲ ਕੀਤਾ ਕਿ ''ਜੇ ਤੁਹਾਡਾ ਜਲ ਲੱਖਾਂ ਮੀਲ ਪੁਜ ਸਕਦਾ ਤਾਂ ਮੇਰਾ ਜਲ ਸੈਂਕੜੇ ਮੀਲਾਂ 'ਤੇ ਸਥਿਤ ਮੇਰੇ ਖੇਤਾਂ ਤੀਕ ਕਿਉਂ ਨਹੀਂ ਪੁੱਜ ਸਕਦਾ।'' ਜਗਨ ਨਾਥ ਪੁਰੀ ਸੰਧਿਆ ਸਮੇਂ ਆਰਤੀ ਵੇਲੇ ਥਾਲ ਵਿਚ ਦੀਵੇ ਰੱਖ ਕੇ ਆਰਤੀ ਉਤਾਰ ਰਹੇ ਪਾਂਡਿਆਂ ਵੱਲ ਵੇਖ ਗੁਰੂ ਪਾਤਸ਼ਾਹ ਨੇ ਨਿਰਾਰਥਕਤਾ ਪ੍ਰਗਟ ਕਰਦਿਆਂ ਆਰਤੀ ਉਚਾਰੀ, ''ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ'' ਉਚਾਰਿਆ।

ਕੁਰਾਨ ਸ਼ਰੀਫ ਅਨੁਸਾਰ ਰੱਬ ਲਾ ਮੁਕਾਮ ਹੈ, ਬਾਬੇ ਸੰਦੇਸ਼ ਦਿੱਤਾ: ਪੂਰਬ ਵਿਚ ਭਗਵਾਨ ਅਤੇ ਪੱਛਮ ਵਿਚ ਅੱਲ੍ਹਾ ਨਹੀਂ ਵਸਦਾ, ਖੁਦਾ ਸਾਰੀ ਸ੍ਰਿਸ਼ਟੀ ਵਿਚ ਸਮੋਇਆ ਹੋਇਆ ਹੈ।ਮੱਕੇ ਪੁਜੇ ਬਾਬੇ ਨੂੰ ਜਦੋਂ ਕਾਜ਼ੀਆਂ ਸਵਾਲ ਕੀਤਾ 'ਹਿੰਦੂ ਵੱਡਾ ਕਿ ਮੁਸਲਮਾਨ ਈ' ਤਾਂ ਜਵਾਬ ਸੀ: 'ਸੁਭਿ ਅਮਲਾ ਬਾਝਹੁ ਦੋਨੋ ਰੋਈ'।

ਸਿੱਧਾਂ ਜੋਗੀਆਂ ਵੱਲੋਂ ਸੁਆਲ ਕਰਨ 'ਤੇ ਕਿ ਧਰਤੀ 'ਤੇ ਕੀ ਵਾਪਰ ਰਿਹਾ ਹੈ ''ਧਰਤੀ ਉਪਰ ਕਿਆ ਵਰਤਾਰਾ'' 'ਤੇ ਬਾਬੇ ਦਾ ਉਤਰ ਸੀ ''ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ''। ਜੋਗੀਆਂ ਵੱਲੋਂ ਦੂਸਰਾ ਸਵਾਲ ਸੀ ''ਕਿਹੜੀ ਸ਼ਕਤੀ ਦੇ ਬਲ ਨਾਲ ਸੁਮੇਰ ਪਰਬਤ 'ਤੇ ਆਏ ਹੋ'' ਤਾਂ ਬਾਬੇ ਦਾ ਉਤਰ ਸੀ, ''ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।'' ਜੋਗੀਆਂ ਦਾ ਤੀਸਰਾ ਸਵਾਲ ''ਜੇ ਤੁਸੀਂ ਧਰਮ ਨੂੰ ਚਲਾਉਣਾ ਚਾਹੁੰਦੇ ਹੋ ਤਾਂ ਉਹ ਧਰਮ ਮੰਦਰ ਕਿਹੜੇ ਥੰਮਾਂ 'ਤੇ ਉਸਾਰਨਾ ਚਾਹੁੰਦੇ ਹੋ'' ਤਾਂ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਬਾਬੇ ਦਾ ਉਤਰ ''ਗੁਰ ਸੰਗਤ ਬਾਣੀ ਬਿਨਾਂ ਦੂਜੀ ਓਟ ਨਹੀ ਹੈ ਰਾਈ''। ਧਰਮ ਦੇ ਤਿੰਨਾਂ ਪਰੋਹਿਤਾਂ, ਬ੍ਰਾਹਮਣ, ਕਾਜ਼ੀ ਅਤੇ ਜੋਗੀ ਬਾਰੇ ਤਾਂ ਪਾਤਸ਼ਾਹ ਨੇ ਸਪਸ਼ਟ ਕਿਹਾ,

'ਕਾਦੀ ਕੂੜੁ ਬੋਲਿ ਮਲੁ ਖਾਇ
ਬ੍ਰਾਹਮਣੁ ਨਾਵੈ ਜੀਆ ਘਾਇ
ਜੋਗੀ ਜੁਗਤਿ ਨ ਜਾਣੈ ਅੰਧੁ
ਤੀਨੇ ਓਜਾੜੇ ਕਾ ਬੰਧੁ''

ਕੀਰਤ ਨੂੰ ਕਿਰਤ ਨਾਲ ਜੋੜਿਆ, ਕਿਰਤ ਵਿਰਤ ਕਰ ਧਰਮ ਦੀ ਹਥਹੁ ਦੇ ਕੇ ਭਲਾ ਮਨਾਵੈ ਨੂੰ ਧਰਮ ਮਾਰਗ ਦਰਸਾਇਆ ਤੇ ਜੀਵਨਧਾਰਾ ਹੀ ਬਦਲ ਦਿੱਤੀ। ਦਾਨ ਪਾਤਰ ਹੱਥ ਵਿੱਚ ਫੜ ਘਰ-ਘਰ ਮੰਗਣ ਵਾਲਿਆਂ ਨੂੰ ਅਸਲ ਧਰਮ, 'ਘਾਲਿ ਖਾਇ ਕਿਛੁ ਹਥਹੁ ਦੇਇ, ਨਾਨਕ ਰਾਹੁ ਪਛਾਣੈ ਸੇਇ' ਸਮਝਾਇਆ ਤੇ ਵੇਹਲੜ ਸਾਧਾਂ, ਦੰਭੀ ਡੇਰੇਦਾਰਾਂ ਅਤੇ ਪੀਰ ਫਕੀਰ ਦੱਸਣ ਵਾਲਿਆਂ ਤੋਂ ਜਨ ਸਾਧਾਰਣ ਨੂੰ ਸਾਵਧਾਨ ਕਰਦਿਆਂ ਫੁਰਮਾਇਆ:-

'ਗੁਰਪੀਰ ਸਦਾਏ ਮੰਗਣ ਜਾਏ
ਤਾ ਕੇ ਮੂਲ ਨਾ ਲਗੀਐ ਪਾਇ'

ਬਾਬਰ ਦੇ ਹਮਲੇ ਨੂੰ ਪਾਪ ਕੀ ਜੰਞ ਵੱਲੋਂ ਹੋਏ ਕੌਮੀ ਅਪਮਾਨ, ਜਲਾਲਤ ਅਤੇ ਗੁਲਾਮੀ ਦੇ ਕਾਰਨਾਂ ਦੀ ਵਿਵੇਚਨਾ ਕਰਦਿਆਂ ਸਤਿਗੁਰ ਜੀ ਇਸ ਸਦੀਵੀ ਸੱਚ ਦਾ ਨਿਤਾਰਾ ਕਰਦਿਆਂ ਫੁਰਮਾਇਆ 'ਧਨ ਜੋਬਨ ਦੋਇ ਵੈਰੀ ਹੋਇ ਜਿਨੀ ਰਖੇ ਰੰਗ ਲਾਇ। ਦੂਤਾਂ ਨੋ ਫੁਰਮਾਇਆ ਲੈ ਚੱਲੇ ਪਤ ਗਵਾਇ'। ਇਸਤਰੀ ਨੂੰ ਪੈਰ ਦੀ ਜੁੱਤੀ ਕਹਿ ਕੇ ਮੰਦਾ ਕਹਿਣ ਵਾਲਿਆਂ ਨੂੰ ਨਕਾਰਿਆ ਤੇ ਫੁਰਮਾਇਆ:-

'ਸਭ ਪਰਵਾਰੇ ਮਾਹਿ ਸ੍ਰੈਸ਼ਟ
ਮਤੀ ਦੇਵੀ ਦੇਵਰ ਜੇਸ਼ਠ'।

ਜਦੋਂ ਹਿੰਦੋਸਤਾਨ ਵਿੱਚ ਇਹ ਪ੍ਰਚੱਲਤ ਸੀ ਕਿ ਦਿਲੀਸ਼ਵਰੋ, ਜਗਦੀਸ਼ਵਰੋ ਅਰਥਾਤ ਦਿੱਲੀ ਦਾ ਰਾਜਾ ਹੀ ਪਰਮਾਤਮਾ ਹੈ, ਜਦੋਂ ਸਾਰਾ ਯੂਰਪ ਕਹਿ ਰਿਹਾ ਸੀ ਕਿ (ਕਨਿਗ ਚ ਨ ਦੋ ਨੋ ਰੋਨਗ) ਰਾਜਾ ਕਦੇ ਗਲਤੀ ਨਹੀਂ ਕਰ ਸਕਦਾ। ਰਾਜਾ ਹੀ ਪਰਮਾਤਮਾ ਦਾ ਅਵਤਾਰ ਹੈ ਤੇ ਮਨੁੱਖੀ ਰਾਜ ਨੂੰ ਹੀ ਪਰਮਾਤਮਾ ਦਾ ਰਾਜ ਕਿਹਾ ਜਾਂਦਾ ਸੀ।

ਪਰਜਾ 'ਤੇ ਜ਼ੁਲਮ ਕਰਨ ਵਾਲੇ ਸਮੇਂ ਦੇ ਰਾਜਿਆਂ ਨੂੰ ਗੁਰੂ ਨਾਨਕ ਸਾਹਿਬ ਨੇ 'ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤੁ ਕਉ ਖਾਈ' 'ਰਾਜੇ ਸ਼ੀਂਹ ਮੁਕੱਦਮ ਕੁੱਤੇ' ਤੀਕ ਕਹਿ ਕੇ ਸੰਬੋਧਨ ਕੀਤਾ ਲੇਕਿਨ ਨਾਲ ਹੀ ਲੋਕਾਂ 'ਤੇ ਰਾਜ ਕਰਨ ਵਾਲਿਆਂ ਦੀ ਸੋਚ ਅਤੇ ਵਰਤਾਰੇ ਬਾਰੇ ਸਪਸ਼ਟ ਕਰ ਦਿੱਤਾ 'ਰਾਜੇ ਚੁਲੀ ਨਿਆਉ ਕੀ' 'ਤਖ਼ਤੇ ਰਾਜਾ ਸੋ ਬਹੈ ਜੋ ਤਖ਼ਤੇ ਲਾਇਕ ਹੋਈ' ਕੋਈ ਗੁਣਵਾਨ ਤੇ ਪਰਜਾ ਦਾ ਭਲਾ ਚਾਹੁਣ ਵਾਲਾ ਹੀ ਰਾਜ ਕਰਨ ਦਾ ਅਧਿਕਾਰ ਰੱਖਦਾ ਹੈ। ਐਸਾ ਹੀ ਰਾਜ ਅੱਜ ਵਿਸ਼ਵ ਭਰ ਦੇ ਲੋਕ ਹਰ ਥਾਂ ਚਾਹੁੰਦੇ ਹਨ ਤੇ ਅਜਿਹਾ ਰਾਜ ਦੇਣ ਦੇ ਵਾਅਦੇ ਕਰਕੇ ਵੱਡੇ ਵੱਡੇ ਲੋਕ ਤੰਤਰ ਦੇਸ਼ਾਂ ਵਿੱਚ, ਰਾਜਸੀ ਪਾਰਟੀਆਂ ਪਰਜਾ ਪਾਸੋਂ ਵੋਟਾਂ ਜਾਂ ਹਮਾਇਤ ਮੰਗਦੀਆਂ ਹਨ।

ਯੂਰਪ ਵਿੱਚ ਹਮੇਸ਼ਾ ਹੀ ਧਰਮ ਅਤੇ ਵਿਗਿਆਨ ਦਰਮਿਆਨ ਝਗੜਾ ਰਿਹਾ ਹੈ ਲੇਕਿਨ ਗੁਰੂ ਨਾਨਕ ਪਾਤਸ਼ਾਹ ਦੁਆਰਾ ਚਲਾਏ ਧਰਮ ਪੰਥ ਦੇ ਸਿਧਾਂਤਾਂ ਨੂੰ ਅੱਜ ਸਮੁੱਚੇ ਵਿਸ਼ਵ ਦੇ ਵਿਗਿਆਨੀ ਕਬੂਲ ਰਹੇ ਹਨ। ਧਰਤੀ, ਸੂਰਜ, ਸੌਰ ਮੰਡਲ, ਹਵਾ-ਪਾਣੀ ਦੀ ਉਤਪਤੀ ਬਾਰੇ ਜੋ ਕੁਝ ਗੁਰੂ ਨਾਨਕ ਸਾਹਿਬ ਨੇ ਅੱਜ ਤੋਂ 500 ਸਾਲ ਪਹਿਲਾਂ ਉਚਾਰੀ ਬਾਣੀ ਵਿੱਚ ਸਪਸ਼ਟ ਕਰ ਦਿੱਤਾ, ਉਹ ਅੱਜ ਵੀ ਵਿਗਿਆਨ ਝੂਠਲਾ ਨਹੀਂ ਸਕਿਆ, ਹਾਲਾਂਕਿ ਉਸ ਵੇਲੇ ਤਾਂ ਵਿਗਿਆਨ ਯੁੱਗ ਕਿਧਰੇ ਸ਼ੁਰੂ ਵੀ ਨਹੀ ਸੀ ਹੋਇਆ।

ਆਪਣੀ ਪਹਿਚਾਣ ਦੱਸਦਿਆਂ ਗੁਰੂ ਨਾਨਕ ਪਾਤਸ਼ਾਹ ਨੇ ਕਿਧਰੇ ਵੀ ਗੁਰੂ ਹੋਣ ਦਾ ਦਾਅਵਾ ਨਹੀਂ ਕੀਤਾ ਜਿਸ ਤਰ੍ਹਾਂ ਅੱਜਕੱਲ੍ਹ ਥਾਂ ਥਾਂ ਉਸਰ ਰਹੇ ਡੇਰਿਆਂ ਦੇ ਆਪੇ ਬਣੇ ਡੇਰੇਦਾਰ ਕਰਦੇ ਹਨ,ਉਨ੍ਹਾਂ ਆਪਣੀ ਪਹਿਚਾਣ 'ਮੁਲ ਖ਼ਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ' 'ਹਉ ਦੀਵਾਨਾ ਸ਼ਾਹ ਕਾ ਨਾਨਕ ਬਉਰਾਨਾ, 'ਹਉ ਹਰਿ ਬਿਨ ਅਵਰ ਨਾ ਜਾਨਾ' ਵਜੋਂ ਕਰਵਾਈ ਹੈ। ਅਜੋਕੇ ਯੁੱਗ ਵਿੱਚ ਜਦਕਿ ਹਰ ਪਾਸੇ ਪੈਸੇ ਤੇ ਸੱਤਾ ਦੀ ਦੌੜ, ਦੁਨੀਆਂ ਦੇ ਲੋਕਾਂ ਨੂੰ ਹੰਕਾਰ, ਹਉਮੈ, ਮੋਹ-ਮਾਇਆ, ਝੂਠ, ਪਾਖੰਡ ਅਤੇ ਨਫਰਤ ਦੀ ਦਲ ਵਿੱਚ ਦੁਬਾਰਾ ਧਕੇਲ ਰਹੀ ਹੈ ਅਜਿਹੇ ਵਿੱਚ ਐਸੇ ਸਤਿਗੁਰੂ ਦੁਆਰਾ ਉਚਾਰੇ ਇਲਾਹੀ ਬੋਲਾਂ (ਗੁਰਬਾਣੀ)ਨੂੰ ਪੜਨ ਵਿਚਾਰਨ ਅਤੇ ਉਸ ਦੇ ਆਸ਼ੈ ਅਨੁਸਾਰ ਜੀਵਨ ਜੀਉਣ ਨਾਲ ਆਸ ਦੀ ਕਿਰਨ ਜ਼ਰੂਰ ਨਜ਼ਰ ਆਵੇਗੀ।

# ਕਾਮਾਗਾਟਾ ਮਾਰੂ ਦੇ ਨਾਇਕ ਬਾਬਾ ਗੁਰਦਿੱਤ ਸਿੰਘ ਦੇ ਪਰਿਵਾਰ ਨੇ ਗਦਰ ਲਹਿਰ ਉਤੇ 3 ਪੁਸਤਕਾਂ ਸੰਗਤ ਅਰਪਣ ਕੀਤੀਆਂ

ਸੇਂਟ ਲੁਈਸ: ਅਮਰੀਕਾ ਵਿਚ ਮਸੂਰੀ ਸਟੇਟ ਦੇ ਅਤਿ ਸੁੰਦਰ ਸ਼ਹਿਰ ਸੇਂਟ ਲੁਈਸ ਦੇ ਸੇਂਟ ਪੀਟਰ ਗੁਰੂਘਰ ਵਿਚ ਤਿੰਨ ਨਵੰਬਰ ਦਿਨ ਐਤਵਾਰ ਨੂੰ ਇਕ ਵਿਸ਼ੇਸ਼ ਦੀਵਾਨ ਵਿਚ ਕਾਮਾਗਾਟਾ ਮਾਰੂ ਦੇ ਮਹਾਨ ਨਾਇਕ ਬਾਬਾ ਗੁਰਦਿੱਤ ਸਿੰਘ ਦੀਆਂ ਦੋਹਤੀਆਂ ਬੀਬੀ ਪ੍ਰੀਤਮ ਕੌਰ ਪੰਨੂ, ਬੀਬੀ ਦੀਪਾ ਪੱਡਾ ਤੇ ਲਾਹੌਰ ਸਾਜਿਸ਼ ਕੇਸ ਦੇ ਗਦਰੀ ਗਿ. ਨਾਹਰ ਸਿੰਘ ਜੀ ਦੇ ਪੋਤੇ ਡਾ. ਗੁਰਪ੍ਰਕਾਸ਼ ਸਿੰਘ, ਪੋਤਰੀਆਂ ਬੀਬੀ ਇਕਬਾਲ ਕੌਰ ਸਿੱਧੂ, ਬੀਬੀ ਸਤਬੀਰ ਕੌਰ ਤੇ ਡਾ. ਅਮਰਜੋਤ ਕੌਰ ਤੇ ਗੁਰੂਘਰ ਦੇ ਮੁਖ ਸੇਵਾਦਾਰ ਸ. ਸੁਖਚੈਨ ਸਿੰਘ ਤੇ ਭਾਈ ਸਤਿਨਾਮ ਸਿੰਘ ਨੇ ਸਾਂਝੇ ਤੌਰ ਤੇ ਕਨੇਡਾ ਤੋਂ ਪੁੱਜੇ ਨਾਮਵਰ ਲੇਖਕ ਤੇ ਵਿਦਵਾਨ ਸ. ਜੈਤੇਗ ਸਿੰਘ ਅਨੰਤ ਦੀਆਂ 3 ਪੁਸਤਕਾਂ ਗਦਰ ਲਹਿਰ ਦੀ ਕਹਾਣੀ, ਗਦਰੀ ਯੋਧੇ, ਗਦਰ ਦੀ ਗੂੰਜ ਨੂੰ ਜੈਕਾਰਿਆਂ ਦੀ ਗੂੰਜ ਵਿਚ ਰਿਲੀਜ ਕੀਤਾ ਗਿਆ।ਇੰਗਲੈਂਡ, ਕਨੇਡਾ, ਹਾਂਗਕਾਂਗ ਤੋਂ ਬਾਦ ਅਮਰੀਕਾ ਦੀ ਧਰਤੀ ਤੇ ਇਹ ਚੌਥਾ ਸਫਲ ਸਮਾਗਮ ਗੁਰੂਘਰ ਦੇ ਪ੍ਰਬੰਧਕਾਂ ਤੇ ਗਿ. ਨਾਹਰ ਸਿੰਘ ਜੀ ਦੇ ਪਰਿਵਾਰ ਵੱਲੋਂ ਸਾਂਝੇ ਤੌਰ ਤੇ ਕੀਤੀ ਗਈ ਮਿਹਨਤ ਦਾ ਹੀ ਸਿੱਟਾ ਸੀ।



ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਦੀਆਂ ਦੋਹਤੀਆਂ, ਬੀਬੀ ਪ੍ਰੀਤਮ ਕੌਰ ਪੰਨੂ ਅਤੇ ਦੀਪਾ ਬੱਤਾ ਪੁਸਤਕ ਨੂੰ ਖੋਲ੍ਹਦੇ ਹੋਏ। ਉਹਨਾਂ ਨਾਲ ਖੜ੍ਹੇ ਹਨ ਗਿਆਨੀ ਨਾਹਰ ਸਿੰਘ ਗੁੱਜਰਵਾਲ ਦੇ ਪੋਤਰੇ ਅਤੇ ਪੋਤਰੀਆਂ ਡਾ. ਗੁਰਪ੍ਰਕਾਸ਼ ਸਿੰਘ ਗਰੇਵਾਲ, ਬੀਬੀ ਇਕਬਾਲ ਕੌਰ ਸਿੱਧੂ, ਬੀਬੀ ਸਤਬੀਰ ਕੌਰ ਤੇ ਡਾ. ਅਮਰਜੋਤ ਕੌਰ ਖੜ੍ਹੇ ਵਿਖਾਈ ਦੇ ਰਹੇ ਹਨ

ਪੁਸਤਕਾਂ ਦਾ ਸੰਗਤ ਅਰਪਣ ਤੋਂ ਬਾਦ ਇਕ ਬੜਾ ਹੀ ਪ੍ਰਭਾਵਸ਼ਾਲੀ, ਕਲਾਤਮਿਕ ਤੇ ਇਤਿਹਾਸ ਨਾਲ ਜੁੜਿਆ ਸਲਾਈਡ ਸ਼ੋਅ ਤੇ ਲੈਕਚਰ ਦੀ ਪੇਸ਼ਕਾਰੀ ਨੇ ਗਦਰ ਲਹਿਰ ਦੀ ਦਾਸਤਾਂ ਦੀ ਸਹੀ ਤਸਵੀਰ ਨੂੰ ਪੇਸ਼ ਕਰ ਕੇ ਇਤਿਹਾਸ ਦੀਆਂ ਨਵੀਆਂ ਪੈੜਾਂ ਨੂੰ ਜਨਮ ਦਿੱਤਾ। ਜਿਸ ਵਿਚ ਸਿੱਖ ਵਿਦਵਾਨ ਤੇ ਲੇਖਕ ਜੈਤੇਗ ਸਿੰਘ ਅਨੰਤ ਨੇ ਕਿਹਾ ਕਿ ਇਸਦੀ ਸ਼ੁਰੂਆਤ ਖਾਲਸਾ ਦੀਵਾਨ ਸੁਸਾਇਟੀ ਕਨੇਡਾ, ਖਾਲਸਾ ਦੀਵਾਨ ਸਟਾਕਟਨ ਅਮਰੀਕਾ ਤੋਂ ਇਲਾਵਾ ਖਾਲਸਾ ਦੀਵਾਨ ਹਾਂਗਕਾਂਗ ਨੂੰ ਗਦਰ ਲਹਿਰ ਦਾ ਪੜਾਅ (ਬੇਸ) ਦਰਸਾਇਆ। ਜਿਹਨਾਂ ਨੇ ਗਦਰ ਲਹਿਰ ਵਿਚ ਸ਼ਾਨਦਾਰ ਤੇ ਇਤਿਹਾਸਕ ਭੂਮਿਕਾ ਨਿਭਾਈ।ਉਹਨਾਂ ਵੱਲੋਂ ਕਨੇਡਾ ਦੇ ਸ਼ਹੀਦ ਭਾਈ ਭਾਗ ਸਿੰਘ, ਸ਼ਹੀਦ ਭਾਈ ਬਤਨ ਸਿੰਘ ਤੇ ਸ਼ਹੀਦ ਭਾਈ ਮੇਵਾ ਸਿੰਘ ਦੀ ਸ਼ਹਾਦਤ ਤੇ ਉਹਨਾਂ ਦੀਆਂ ਤਸਵੀਰਾਂ ਰਾਹੀਂ ਗਦਰ ਲਹਿਰ ਦੀ ਸ਼ੁਰੂਆਤੀ ਦਿਨਾਂ ਨੂੰ ਯਾਦ ਕੀਤਾ ਗਿਆ।ਇਸਦੇ ਨਾਲ ਹੀ ਗਦਰ ਪਾਰਟੀ ਦੇ ਉਹਨਾਂ ਤਿਆਰ ਬਰ ਤਿਆਰ ਬਾਣੀ ਤੇ ਬਾਣੇ ਵਿਚ ਰੰਗੇ, ਗੁਰੂ ਦੇ ਰੱਤੜੇ ਗਦਰੀ ਬਾਬਿਆਂ, ਬਾਬਾ ਵਿਸਾਖਾ ਸਿੰਘ, ਭਾਈ ਜਵਾਲਾ ਸਿੰਘ ਠੱਠੀਆਂ, ਬਾਬਾ ਨਿਧਾਨ ਸਿੰਘ ਚੁੱਘਾ, ਭਾਈ ਸੰਤੋਖ ਸਿੰਘ ਧਰਦਿਓ, ਬਾਬਾ ਸੋਹਣ ਸਿੰਘ ਭਕਨਾ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀਆਂ ਗਦਰ ਪ੍ਰਤੀ ਕੀਤੀਆਂ ਗਈਆਂ ਅਦੁੱਤੀ ਕੁਰਬਾਨੀਆਂ ਦੀ ਯਾਦ ਨੂੰ ਤਾਜਾ ਕੀਤਾ।

ਇਸ ਸਲਾਈਡ ਲੈਕਚਰ ਵਿਚ ਗ਼ਦਰ ਲਹਿਰ ਤੋਂ ਉਪਜੀਆਂ ਸਾਰੀਆਂ ਲਹਿਰਾਂ ਨੂੰ ਦਰਸਾਇਆ ਗਿਆ।ਜਿਹਨਾਂ ਨੇ ਫਾਰੰਗੀਆਂ ਦੀ ਨੀਂਦ ਹਰਾਮ ਕਰ ਦਿੱਤੀ ਸੀ।ਜਿਹਨਾਂ ਵਿਚੋਂ ਕਾਮਾਗਾਟਾ ਮਾਰੂ ਲਹਿਰ, ਪੰਜਾਬ ਵਿਚ ਗਦਰ ਲਹਿਰ ਦਾ ਆਗਾਜ਼, ਜਲ੍ਹਿਆਂ ਵਾਲਾ ਬਾਗ ਦਾ ਸਾਕਾ, ਗੁਰੂ ਕੇ ਬਾਗ ਦਾ ਮੋਰਚਾ, ਨਨਕਾਣਾ ਸਾਹਿਬ ਦਾ ਸਾਕਾ, ਜੈਤੋਂ ਦਾ ਮੋਰਚਾ, ਬੱਬਰ ਲਹਿਰ ਨੂੰ ਉਹਨਾਂ ਨਾਲ ਜੁੜੀਆਂ ਦਰਦ ਭਰੀਆਂ ਯਾਦਾਂ ਨੂੰ ਦੁਰਲਭ ਤਸਵੀਰਾਂ ਰਾਹੀਂ ਪੇਸ਼ ਕੀਤਾ।ਇਸਦੇ ਨਾਲ ਹੀ ਪੰਜਾਬ ਵਿਚ ਗਦਰ ਲਹਿਰ ਦੇ ਨਾਇਕ ਭਾਈ ਰਣਧੀਰ ਸਿੰਘ ਨਾਰੰਗਵਾਲ ਤੇ ਉਹਨਾਂ ਦੇ ਜੁਝਾਰੂ ਗਦਰੀ ਸਾਥੀਆਂ ਨੂੰ ਜੋ ਸਿੱਖ ਸਿਦਕ ਵਿਚ ਭਿੱਜੇ ਹੋਏ ਸਨ ਨੂੰ ਉਹਨਾਂ ਦੀਆਂ ਸਿੱਖੀ ਸਰੂਪ ਵਿਚ ਸ਼ਾਨਦਾਰ ਤਸਵੀਰਾਂ ਤੇ ਜੇਲ੍ਹ ਵਿਚ ਉਹਨਾਂ ਵੱਲੋਂ ਆਪਣੇ ਪਿੰਡੇ ਤੇ ਹੰਢਾਈਆਂ ਦੁੱਖ ਤਕਲੀਫਾਂ ਤੇ ਪੁਲਿਸ ਦੇ ਜਬਰ ਜ਼ੁਲਮ ਦੀ ਦਾਸਤਾਂ ਦੇ ਉਹ ਅਣਡਿੱਠੇ ਪੰਨਿਆਂ ਨੂੰ ਜੱਗ ਜਾਹਰ ਕੀਤਾ।

ਇਸ ਸਮੇਂ ਕਾਮਾਗਾਟਾ ਮਾਰੂ ਦੇ ਨਾਇਕ ਬਾਬਾ ਗੁਰਦਿੱਤ ਸਿੰਘ ਜੀ ਦੀ ਦਾਸਤਾਂ ਦੇ ਕਈ ਅਣਫੋਲੇ ਵਰਕਿਆਂ ਨੂੰ ਪੇਸ਼ ਕੀਤਾ।ਇਸ ਦੇ ਨਾਲ ਹੀ ਲਾਹੌਰ ਸਾਜਿਸ਼ ਕੇਸ ਪਹਿਲਾ, ਦੂਜਾ, ਤੀਜਾ ਦੇ ਸ਼ਹੀਦਾਂ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਨੇ ਇਸ ਲਹਿਰ ਦੇ ਇਤਿਹਾਸਕ ਪੰਨਿਆਂ ਨੇ ਦਰਸ਼ਕਾਂ ਨੂੰ ਇਕ ਨਵੀਂ ਪ੍ਰੇਰਨਾ ਤੇ ਚੇਤਨਾ ਪ੍ਰਦਾਨ ਕੀਤੀ।

ਇਸ ਸਮੇਂ ਸੇਂਟ ਪੀਟਰ ਗੁਰੂਘਰ ਦੇ ਮੁਖ ਸੇਵਾਦਾਰ ਸ. ਸੁਖਚੈਨ ਸਿੰਘ ਤੁਲੀ ਬੱਚਾ ਜੀਵ (ਬੇਗੋਵਾਲ) ਨੇ ਸ. ਜੈਤੇਗ ਸਿੰਘ ਅਨੰਤ ਵੱਲੋਂ ਕੀਤੀ ਗਈ ਇਸ ਸੇਵਾ ਪ੍ਰਤੀ ਕਿਹਾ ਕਿ ਇਹ ਪੇਸ਼ਕਾਰੀ ਸਮੂਹ ਸੰਗਤਾਂ ਲਈ ਗਿਆਨ ਦਾ ਸੋਮਾ ਹੈ।ਉਥੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ।ਇਸ ਸਮੇਂ ਗੁਰੂਘਰ ਵੱਲੋਂ ਇਥੋਂ ਦੇ ਮੁਖ ਸੇਵਾਦਾਇਰ ਸ. ਸੁਖਚੈਨ ਸਿੰਘ ਤੁਲੀ ਬੱਚਾ ਜੀਵ (ਬੇਗੋਵਾਲ) ਤੇ ਭਾਈ ਸਤਿਨਾਮ ਸਿੰਘ ਨੇ ਜੈਤੇਗ ਸਿੰਘ ਅਨੰਤ ਨੂੰ ਗੁਰੂਘਰ ਵੱਲੋਂ ਇਕ ਸਿਰੋਪਾ ਭੇਟ ਕਰ ਕੇ ਸਨਮਾਨਿਤ ਕੀਤਾ।ਉਹਨਾਂ ਕਿਹਾ ਜੈਤੇਗ ਸਿੰਘ ਅਨੰਤ ਨੇ ਸਿੱਖ ਤੇ ਪੰਜਾਬੀ ਭਾਈਚਾਰੇ ਨੂੰ ਆਪਣੀਆਂ ਸ਼ਾਨਦਾਰ ਸੇਵਾਵਾਂ ਵਿਚ ਆਪਣੇ ਪੁਰਖਿਆਂ ਦੀ ਵਿਰਾਸਤ ਤੇ ਇਤਿਹਾਸ ਦੇ ਸੁਨਹਿਰੇ ਪੰਨੇ ਵਿਖਾ ਕੇ ਇਕ ਨਵੀਂ ਚੇਤਨਾ ਤੇ ਨਵੀਂ ਊਰਜਾ ਪ੍ਰਦਾਨ ਕੀਤੀ ਹੈ।

# ਜੀਵਨ ਵਿੱਚ ਬਦਲਾਵ

ਮੇਰਾ ਜਨਮ ਪੰਜਾਬ ਦੇ ਇੱਕ ਪਿੰਡ ਵਿੱਚ ਹੋਇਆ ਸੀ। ਮੇਰੇ ਮਾਂ-ਬਾਪ ਦਾ ਪ੍ਰਵਾਰ ਇੱਕ ਕਹਿੰਦਾ ਕਹਾਉਂਦਾ ਖਾਨਦਾਨੀ ਪਰਵਾਰ ਸੀ। ਮੈਂ ਦੋ ਭਰਾਵਾਂ ਦੀ ਇਕੱਲੀ ਭੈਣ ਸੀ ਤੇ ਹਾਂ। ਮੇਰਾ ਵਿਆਹ ਇੱਕ ਪੜ੍ਹੇ ਲਿਖੇ ਪਰਵਾਰ ਵਿੱਚ ਹੋਇਆ । ਮੇਰੇ ਪਤੀ ਪੰਜ ਭਰਾ ਸਨ ਤੇ ਇਹ ਸਾਰੇ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ। ਸਾਰੇ ਭਾਈ ਭਾਰਤੀ ਫੌਜ ਵਿੱਚ ਸਨ ਤੇ ਇਕ ਭਰਾ ਪੰਜਾਬ ਪੁਲੀਸ ਦੇ ਉਚੇ ਅਹੁਦੇ ਤੇ ਸਨ । ਮੇਰੇ ਹਸਬੈਂਡ ਆਰਮੀ ਵਿੱਚ ਮੇਜਰ ਸਨ। ਭਾਵ ਸਾਰੇ ਆਪਣੇ ਆਪਣੇ ਥਾਵਾਂ ਤੇ ਸੈੱਟ ਸਨ । ਕਿਸੇ ਦੇ ਘਰ ਵਿੱਚ ਕੋਈ ਕਮੀ ਨਹੀਂ ਸੀ ਤੇ ਨਾ ਹੀ ਮੇਰੇ ਘਰ ਵਿੱਚ ਕੋਈ ਘਾਟ ਸੀ । ਮੇਰੇ ਦੋ ਬੱਚੇ ਸਨ ਤੇ ਹਨ । ਮੈਂ ਵੀ ਇਕ ਸਕੂਲ ਟੀਚਰ ਸੀ । ਪਰ ਮੇਰੇ ਘਰ ਵਿੱਚ ਇੱਕ ਬਹੁਤ ਵੱਡੀ ਮੁਸ਼ਕਲ ਸੀ ਕਿ ਸਾਡੇ ਘਰ ਵਿੱਚ ਸ਼ਰਾਬ ਦਾ ਪੂਰੇ ਜੋਰਾਂ ਸ਼ੋਰਾਂ ਦਾ ਰਾਜ ਸੀ । ਘਰ ਵਿੱਚ ਸਭ ਕੁਝ ਹੁੰਦੇ ਸੁੰਦੇ ਵੀ ਕੋਈ ਬਰਕਤ ਨਹੀਂ ਸੀ । ਹਰ ਰੋਜ਼ ਲੜਾਈ-ਝਗੜਾ, ਮਾਰ-ਕੁਟਾਈ ਤੇ ਭਾਂਡੇ ਟੁੱਟਣ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਸੀ । ਕੀ ਉਹਨੂੰ ਆਪਾਂ ਜਿੰਦਗੀ ਜਿਉਣ ਕਹਾਂਗੇ ? ਨਹੀਂ ! ਤੇ ਉਹੋ ਜਿਹੀ ਅਫਸਰੀ ਤੋਂ ਭੀ ਕੀ ਲਾਭ ਸੀ ਜਦ ਸਾਨੂੰ ਤਾਂ ਕਿਸੇ ਡੰਗ ਸ਼ਾਂਤੀ ਦੀ ਰੋਟੀ ਵੀ ਨਸੀਬ ਨਹੀਂ ਸੀ ਹੁੰਦੀ ਤੇ ਮੇਰੇ ਬੱਚੇ ਡਰਦੇ ਮਾਰੇ ਲੁਕਦੇ ਫਿਰਦੇ ਹੁੰਦੇ ਸਨ । ਪੰਜਾਬੀ ਦੀ ਇੱਕ ਕਹਾਉਤ ਹੈ ਕਿ, "ਭੱਠ ਪਵੇ ਸੋਨਾ, ਜਿਹੜਾ ਕੰਨਾਂ ਨੂੰ ਖਾਵੇ।"

ਫੌਜ ਵਿੱਚ ਹੋਣ ਕਰਕੇ ਸਾਨੂੰ ਹਿੰਦੋਸਤਾਨ ਦੇ ਹਰ ਕੋਨੇ ਵਿੱਚ ਜਾਣ ਦਾ ਮੌਕਾ ਮਿਲਿਆ । ਪਰ ਮਨ ਵਿੱਚ ਸਿਰਫ਼ ਇੱਕੋ ਤਾਂਘ ਹੁੰਦੀ ਸੀ ਕਿ ਜਿਥੋਂ ਕਿਤੋਂ ਵੀ ਸਾਨੂੰ ਸ਼ਰਾਬ ਦੀ ਇਸ ਭੈੜੀ ਰੂਹ ਤੋਂ ਛੁਟਕਾਰਾ ਤੇ ਸ਼ਾਂਤੀ ਪਾਉਣ ਦਾ ਕੋਈ ਰਾਹ ਮਿਲ ਜਾਵੇ । ਸੋ ਪੂਰੇ ਮੁਲਕ ਵਿੱਚ ਮੈਂ ਕੋਈ ਧਰਮ-ਦੁਆਰਾ, ਕੋਈ ਪੀਰ-ਪੈਗੰਬਰ, ਕੋਈ ਸੰਤ-ਮਹਾਤਮਾ ਜਾਂ ਕੋਈ ਦੇਵੀ-ਦੇਵਤਾ ਨਹੀਂ ਸੀ ਛੱਡਿਆ ਜਿਸ ਦਾ ਦਰਵਾਜ਼ਾ ਨਾ ਖੜਕਾਇਆ ਹੋਵੇ। ਪਰ ਕਿਸੇ ਨੇ ਮੇਰੀ ਇੱਕ ਨਾ ਸੁਣੀ ਤੇ ਨਾ ਹੀ ਕਿਸੇ ਨੇ ਮੇਰੇ ਵੱਲ ਪਲਟ ਕੇ ਤੱਕਿਆ। ਇਸੇ ਸ਼ਰਾਬ ਦੇ ਦੁੱਖੋਂ ਫ਼ੌਜ ਛੱਡ ਦਿੱਤੀ । ਇਸੇ ਦੁੱਖੋਂ ਮੁਲਕ ਛੱਡ ਦਿੱਤਾ। ਕਿਸੇ ਵਸੀਲੇ ਰਾਹੀਂ ਅਸੀਂ ਆਪਣੇ ਬੱਚਿਆਂ ਸਮੇਤ ਸਾਊਥ ਅਮਰੀਕਾ ਦੇ ਇੱਕ ਮੁਲਕ ਵਿੱਚ ਨਿੱਕਲ ਆਏ । ਸਾਡੇ ਰਿਸ਼ਤੇਦਾਰ, ਸਾਡੀ ਫੈਮਲੀ ਦੇ ਕਈ ਮੈਂਬਰ ਸਾਡੇ ਨਾਲ ਇਸ ਕਰਕੇ ਗੁੱਸੇ ਹੋ ਗਏ ਕਿ ਅਸੀਂ ਉਥੋਂ ਕਿਉਂ ਚਲੇ ਗਏ ਜਦ ਕਿ ਮੁਲਕ ਵਿੱਚ ਰਹਿੰਦਿਆਂ ਕਿਸੇ ਨੇ ਸਾਡੀ ਕਦੇ ਬਾਤ ਵੀ ਨਹੀਂ ਸੀ ਪੁੱਛੀ ਕਿ ਤੁਸੀਂ ਕਿਹੜੇ ਹਾਲਾਂ ਵਿੱਚ ਜਿਉਂਦੇ ਹੋ।

ਉਸ ਮਹੌਲ ਚੋਂ ਨਿਕਲਣ ਤੋਂ ਬਾਅਦ ਘੱਟ ਤੋਂ ਘੱਟ ਅਰਾਮ ਜਿਹੇ ਦਾ ਇੱਕ ਸਾਹ ਤਾਂ ਆਇਆ ਪਰ ਸ਼ਰਾਬ ਦਾ ਉਹੀ ਹਾਲ ਸੀ ਬਲਕਿ ਉਸ ਤੋਂ ਵੀ ਬੁਰਾ, ਕਿਉਂਕਿ ਫੌਜ ਚੋਂ ਮਹਿੰਗੀ ਮਿਲਦੀ ਸੀ ਪਰ ਜਿਥੇ ਅਸੀਂ ਆਏ ਉਥੇ ਸਿਰਫ਼ ਇਕ ਡਾਲਰ ਦੀ ਇੱਕ ਮਿਲਦੀ ਸੀ । ਇਥੇ ਆ ਕੇ ਅਸੀਂ ਕਈ ਹੋਰ ਨਵੀਆਂ ਮੁਸ਼ਕਲਾਂ ਵਿੱਚ ਵੀ ਘਿਰ ਗਏ । ਜੋ ਪੈਸਾ ਧੇਲਾ ਕੋਲ ਸੀ ਉਹ ਵੀ ਸਭ ਉਡ ਗਿਆ। ਮੇਰੇ ਬੱਚੇ ਉਥੇ ਦੇ ਸਕੂਲਾਂ ਵਿੱਚ ਪੜ੍ਹਦੇ ਸਨ। ਬੱਚਿਆਂ ਦੇ ਦੋਸਤਾਂ ਨੇ ਘਰ ਦਾ ਮਹੌਲ ਦੇਖ ਕੇ ਉਹਨਾਂ ਨੂੰ ਚਰਚ ਜਾਣ ਦੀ ਸਲਾਹ ਦਿੱਤੀ ਕਿ ਜੇ ਤੁਸੀਂ ਉਥੇ ਜਾ ਕੇ ਇੱਕ ਵਾਰ ਪ੍ਰਾਰਥਨਾ ਕਰਵਾ ਲਵੋਂ ਤਾਂ ਤੁਹਾਡਾ ਸਭ ਕੁਝ ਠੀਕ ਹੋ ਜਾਵੇਗਾ । ਪਰ ਮੇਰੇ ਬੱਚਿਆਂ ਨੇ ਇਹ ਕਹਿ ਕੇ ਚਰਚ ਜਾਣ ਤੋਂ ਇਨਕਾਰ ਕਰ ਦਿੱਤਾ ਕਿ ਅਸੀਂ ਚਰਚ ਜਾਣ ਵਿੱਚ ਵਿਸ਼ਵਾਸ ਨਹੀਂ ਰੱਖਦੇ ਬਲਕਿ ਸਾਡਾ ਵਿਸ਼ਵਾਸ ਕਿਸੇ ਦੂਸਰੇ ਮੱਤ ਵਿੱਚ ਹੈ।

ਪਰ ਹੋਇਆ ਕੀ ਕਿ ਕੰਮ ਹੋਰ ਵੀ ਵਿਗੜ ਗਿਆ ਭਾਵ ਪਾਣੀ ਸਿਰ ਤੋਂ ਦੀ ਵਗ ਤੁਰਿਆ। ਸ਼ਰਾਬ ਦਾ ਅਸਰ ਇਹਨਾਂ ਦੇ ਦਿਮਾਗ ਤੇ ਵੀ ਹੋਣਾ ਸ਼ੁਰੂ ਹੋ ਗਿਆ। ਡਾਕਟਰਾਂ ਨੇ ਵੀ ਹੱਥ ਖੜ੍ਹੇ ਕਰ ਦਿੱਤੇ ਤੇ ਇਹ ਕਹਿ ਕੇ ਘਰ ਨੂੰ ਤੋਰ ਦਿੱਤੇ ਕਿ ਦੋ ਹਫਤਿਆਂ ਤੋਂ ਵੱਧ ਇੱਕ ਦਿਨ ਵੀ ਉਤੇ ਨਹੀਂ ਲੰਘੇਗਾ ਕਿਉਂਕਿ ਸਾਰਾ ਅੰਦਰ ਖਾਧਾ ਪਿਆ ਸੀ। ਸਮਝ ਨਹੀਂ ਸੀ ਆ ਰਹੀ ਕਿ ਕੀ ਕਰੀਏ, ਕਿਧਰ ਨੂੰ ਜਾਈਏ ਤੇ ਕੀਹਦੇ ਕੋਲ ਰੋਈਏ। ਇਹਨਾਂ ਹੀ ਦਿਨਾਂ ਵਿੱਚ ਇੱਕ ਵਾਰੀ ਫਿਰ ਸਾਨੂੰ ਕਿਸੇ ਨੇ ਚਰਚ ਜਾਣ ਲਈ ਕਿਹਾ ਤੇ ਨਾਲ ਦੀ ਨਾਲ ਇਹ ਵੀ ਕਿ ਯਿਸੂ ਮਸੀਹ ਦੇ ਨਾਂ ਵਿੱਚ ਪ੍ਰਾਰਥਨਾ ਕਰਾਉਣ ਨਾਲ ਵੱਡੀਆਂ ਵੱਡੀਆਂ ਮੁਸ਼ਕਲਾਂ ਚੋਂ ਛੁਟਕਾਰਾ ਮਿਲ ਜਾਂਦਾ ਹੈ।

ਜਦੋਂ ਚਾਰੇ ਕੰਨੀਓਂ ਢੇਰੀਆਂ ਢਹਿ ਗਈਆਂ ਤਾਂ ਬੱਚਿਆਂ ਨੇ ਦੋਸਤਾਂ ਦੀ ਗੱਲ ਮੰਨ ਲਈ ਤੇ ਉਹਨਾਂ ਨਾਲ ਚਰਚ ਨੂੰ ਪ੍ਰਾਰਥਨਾ ਕਰਾਉਣ ਲਈ ਚਲੇ ਗਏ। ਦੱਸੀ ਹੋਈ ਬੇਨਤੀ ਦੇ ਮੁਤਾਬਿਕ ਉਹਨਾਂ ਤੇ ਪ੍ਰੇਅਰ ਹੋਈ। ਉਸ ਤੋਂ ਬਾਅਦ ਜਦ ਸ਼ਾਮ ਨੂੰ ਬੱਚੇ ਆਪਣੇ ਸਕੂਲਾਂ ਤੋਂ ਘਰ ਨੂੰ ਵਾਪਿਸ ਆਏ ਤਾਂ ਇੱਕ ਅਜੇਹਾ ਚਮਤਕਾਰ ਦੇਖਣ ਨੂੰ ਮਿਲਿਆ ਕਿ ਉਹ ਸੋਚਣ ਤੋਂ ਮਜਬੂਰ ਹੋ ਗਏ ਕਿ ਜੋ ਕੁਝ ਕਿਤੋਂ ਵੀ ਨਹੀਂ ਸੀ ਹੋ ਸਕਿਆ ਉਹ ਪਲ ਭਰ ਵਿਚ ਕਿਵੇਂ ਹੋ ਗਿਆ। ਸੋ ਇਹ ਜਰੂਰ ਹੀ ਕਿਸੇ ਅਦੁੱਤੀ ਸ਼ਕਤੀ ਦਾ ਕੰਮ ਹੋ ਸਕਦਾ ਹੈ। ਕੁਝ ਦਿਨਾਂ ਬਾਅਦ ਡੈਡੀ ਨੂੰ ਵੀ ਦੁਆ ਕਰਾਉਣ ਲਈ ਲੈ ਗਏ।

ਭੈਣੋ ਤੇ ਭਰਾਵੋ, ਇਹ ਸਾਰੀ ਕਹਾਣੀ ਕੁਝ ਸ਼ਬਦਾਂ ਵਿੱਚ ਜਾਂ ਇਕ ਕਾਗਜ਼ ਦੇ ਪੇਜ਼ ਤੇ ਬਿਆਨ ਕਰਨੀ ਬਹੁਤ ਔਖੀ ਹੈ। ਇਹ ਗੱਲਾਂ ਅੱਜ ਭਲਕ ਦੀਆਂ ਨਹੀਂ । ਇਹ ਸਭ 1991 ਦੀਆਂ ਗੱਲਾਂ ਨੇ ਤੇ ਅੱਜ ਵੀ ਜਿਉਂ ਦੀਆਂ ਤਿਉਂ ਕਾਇਮ ਨੇ । ਚਰਚ ਵਿੱਚੋਂ ਯਿਸੂ ਮਸੀਹ ਦੇ ਨਾਂ ਤੇ ਪ੍ਰਾਰਥਨਾ ਕਰਾਉਣ ਨਾਲ ਸ਼ਰਾਬ ਦੀ ਭੈੜੀ ਰੂਹ ਤਾਂ ਕੀ ਸਾਡੇ ਘਰ ਦੀਆਂ ਸਭ ਮੁਸ਼ਕਲਾਂ ਲਾਈਨ ਬੰਨ੍ਹ ਕੇ ਇੱਕ ਇੱਕ ਕਰ ਕੇ ਤੁਰ ਗਈਆਂ । ਮੁਸ਼ਕਲਾਂ ਤੇ ਤੰਗੀਆਂ ਦੀ ਥਾਂ ਸ਼ਾਂਤੀ, ਖੁਸ਼ੀ ਤੇ ਬਰਕਤਾਂ ਨੇ ਲੈ ਲਈ । ਇਸ ਗੱਲ ਨੂੰ 23/24 ਸਾਲ ਹੋ ਨੇ ਚੱਲੇ ਤੇ ਅੱਜ ਵੀ ਮੇਰੇ ਪਤੀ ਇਸ ਧਰਤੀ ਤੇ ਸਾਡੇ ਨਾਲ ਹਨ ਤੇ ਉਸ ਦੀ ਮਹਿਮਾ ਕਰਦੇ ਨੇ ਜਿਸ ਨੇ ਉਹਨਾਂ ਨੂੰ ਨਵੇਂ ਜੀਵਨ ਦਾ ਦਾਨ ਦਿੱਤਾ। ਕਿਉਂਕਿ ਤੇਰੀ ਮੇਰੀ ਜਿੰਦਗੀ ਦਾ ਕੰਟਰੋਲ ਉਸ ਦੇ ਹੱਥ ਹੈ ਜਿਸ ਨੇ ਆਪਦਾ ਸਾਹ ਸਾਡੇ ਵਿੱਚ ਫੂਕਿਆ ਨਾ ਕਿ ਡਾਕਟਰਾਂ ਦੇ ਹੱਥ । ਕੀ ਚਾਹੀਦਾ ਸੀ ਹੋਰ ਸਾਨੂੰ? ਹੁਣ ਤੁਸੀਂ ਆਪ ਹੀ ਦੱਸੋ ਕਿਹੜੇ ਡਾਕਟਰ ਕੋਲ ਜਾਵਾਂਗੇ ਅਸੀਂ ਹੁਣ? ਤੇ ਕੀਹਨੂੰ ਪੂਜਾਂਗੇ ਅਸੀਂ ਹੁਣ?

ਅੱਜ ਇਹੀ ਸਭ ਕੁਝ ਉਹਨਾਂ ਲੋਕਾਂ ਨਾਲ ਵੀ ਹੋ ਰਿਹਾ ਹੈ ਜਿਹੜੇ ਆਪਣੀਆਂ ਮੁਸ਼ਕਲਾਂ ਤੋਂ ਛੁਟਕਾਰਾ ਪਾਉਣ ਦੀ ਭਾਲ ਵਿੱਚ ਕਿਵੇਂ ਨਾ ਕਿਵੇਂ ਯਿਸੂ ਮਸੀਹ ਕੋਲ ਪਹੁੰਚ ਜਾਂਦੇ ਨੇ। ਇਹ ਸਾਰਾ ਕੰਮ ਕਿਸੇ ਬੰਦੇ ਦਾ ਨਹੀਂ ਤੇ ਨਾ ਹੀ ਕਿਸੇ ਪਾਸਤਰ ਦਾ ਤੇ ਨਾ ਹੀ ਕਿਸੇ ਪਰਚਾਰਕ ਜਾਂ ਕਿਸੇ ਗੁਣੀ-ਗਿਆਨੀ ਦਾ ਹੋ ਸਕਦਾ ਹੈ। ਇਹ ਤਾਂ ਸਾਰਾ ਕੁਝ ਯਿਸੂ ਮਸੀਹ ਹੀ ਕਰਦਾ ਹੈ ਜਿਸ ਕੋਲ ਧਰਤੀ ਤੇ ਸਵਰਗਾਂ ਦਾ ਸਾਰਾ ਅਧਿਕਾਰ ਹੈ। ਇਹ ਸਾਰੇ ਕੰਮ ਉਸੇ ਦੇ ਨਾਂ ਤੇ ਹੀ ਹੁੰਦੇ ਨੇ ਜੋ ਪਿਤਾ ਪਰਮੇਸ਼ਰ ਤੇ ਬੰਦੇ ਦੇ ਵਿਚਾਲੇ ਇੱਕ ਵਿਚੋਲੇ ਦੀ ਅਹਿਮ ਭੂਮਿਕਾ ਨਿਭਾ ਰਿਹਾ ਹੈ।

ਸੋ ਅੱਜ ਅਸੀਂ ਉਸ ਸੱਚੇ ਤੇ ਜਿਉਂਦੇ ਪਰਮੇਸ਼ਰ ਦਾ ਧੰਨਵਾਦ ਕਰਦੇ ਹਾਂ ਜਿਸ ਨੇ ਸਾਨੂੰ ਇੱਕ ਵੱਡੀ ਮੁਸ਼ਕਲ ਤੋਂ ਰਾਹਤ ਦਿੱਤੀ। ਤੇ ਅੱਜ ਉਹਨਾਂ ਲੋਕਾਂ ਲਈ ਜੋ ਇਸ ਤਰ੍ਹਾਂ ਦੀਆਂ ਮੁਸ਼ਕਲਾਂ ਵਿੱਚ ਜਕੜੇ ਹੋਏ ਹਨ ਜਾਂ ਅਜਿਹੇ ਬੋਝਾਂ ਹੇਠ ਦੱਬੇ ਹੋਏ ਹਨ ਜੋ ਉਹਨਾਂ ਲਈ ਅਸਹਿ ਬਣੇ ਹੋਏ ਹਨ, ਉਹਨਾਂ ਵਾਸਤੇ ਸਾਡਾ ਇਹ ਸੁਨੇਹਾ ਹੈ ਕਿ ਉਹ ਪ੍ਰਭੂ ਯਿਸੂ ਮਸੀਹ ਕੋਲ ਆਉਣ ਤੇ ਉਸ ਕੋਲ ਆ ਕੇ ਆਪਣੀਆਂ ਮੁਸ਼ਕਲਾਂ ਤੋਂ ਛੁਟਕਾਰਾ ਪਾਉਣ । ਕਿਉਂਕਿ ਉਹ ਅੱਜ ਵੀ ਉਹੀ ਕੰਮ ਕਰਦਾ ਹੈ ਜੋ ਪੁਰਾਣੇ ਦਿਨਾਂ ਵਿੱਚ ਕਰਦਾ ਸੀ । ਪਵਿੱਤਰ ਬਾਈਬਲ ਵਿੱਚ ਲਿਖਿਆ ਹੈ ਕਿ," ਯਿਸੂ ਮਸੀਹ ਕੱਲ, ਅੱਜ ਤੇ ਹਮੇਸ਼ਾ ਇੱਕੋ ਜਿਹਾ ਹੈ।"

ਪਵਿੱਤਰ ਬਾਈਬਲ ਵਿੱਚ ਉਸ ਦਾ ਵਾਇਦਾ ਹੈ ਕਿ--"ਹੇ ਸਾਰੇ ਥੱਕੇ ਹੋਇਓ ਤੇ ਭਾਰ ਹੇਠ ਦੱਬੇ ਹੋਇਓ ਮੇਰੇ ਕੋਲ ਆਓ ਮੈਂ ਤੁਹਾਨੂੰ ਆਰਾਮ ਦੇਵਾਂਗਾ।" ਆਓ ਉਸ ਨੂੰ ਚੱਖ ਕੇ ਦੇਖੋ ਕਿਉਂਕਿ ਉਹ ਭਲਾ ਹੈ ਅਤੇ ਉਸ ਦੇ ਵਚਨ ਸੱਚੇ ਹਨ।


ਪ੍ਰਭੂ ਤੁਹਾਨੂੰ ਬਰਕਤ ਦੇਵੇ ਤੇ ਉਸ ਦੀ ਸਦਾ ਵਡਿਆਈ ਹੋਵੇ !! ਆਮੀਨ!! ਹੋਰ ਜਾਣਕਾਰੀ ਲਈ ਤੁਸੀਂ ਸੰਪਰਕ ਕਰ ਸਕਦੇ ਹੋ:-

530 933 6045

**ਮੈਂ ਹਾਂ ਰਜਿੰਦਰ ਧਾਲੀਵਾਲ** (604 825 4288)

# ਸਮਾਜ ਵਿਚ ਅਸਮਾਨਤਾ ਰਹਿਣ ਤੱਕ ਰਿਜ਼ਰਵੇਸ਼ਨ ਜ਼ਰੂਰੀ: ਸੰਘ ਮੁਖੀ

ਨਵੀਂ ਦਿੱਲੀ- ਸਮਾਜ ਵਿਚ ਅਸਮਾਨਤਾ ਦੇ ਖਿਲਾਫ ਆਵਾਜ਼ ਉਠਾਉਂਦੇ ਹੋਏ ਰਾਸ਼ਟਰੀ ਸਵੈਮ ਸੇਵਕ ਸੰਘ ਨੇ ਰਿਜ਼ਰਵੇਸ਼ਨ ਦਾ ਸਮਰਥਨ ਕੀਤਾ ਹੈ। ਉਸਦਾ ਕਹਿਣਾ ਹੈ ਕਿ ਜੋ ਲੋਕ ਭੇਦਭਾਵ ਦੇ ਸ਼ਿਕਾਰ ਹੋਏ ਹਨ, ਉਹਨਾਂ ਨੂੰ ਬਰਾਬਰੀ ਤੱਕ ਲਿਆਉਣ ਦੇ ਲਈ ਰਿਜ਼ਰਵੇਸ਼ਨ ਰਹਿਣੀ ਚਾਹੀਦੀ ਹੈ। ਨਾਲ ਹੀ ਰਿਜ਼ਰਵੇਸ਼ਨ ਨੂੰ ਲੈ ਕੇ ਰਾਜਨੀਤੀ ਦੇ ਖਿਲਾਫ ਸੱਦਾ ਦਿੱਤਾ। ਸੰਘ ਮੁਖੀ ਮੋਹਨ ਭਾਗਵਤ ਨੇ ਇੱਥੇ ਭਾਜਪਾ ਬੁਲਾਰੇ ਡਾ. ਵਿਜੇ ਸੋਨਕਰ ਸ਼ਾਸਤਰੀ ਦੀਆਂ ਤਿੰਨ ਕਿਤਾਬਾਂ ਦੀ ਘੁੰਡ ਚੁਕਾਈ ਦੇ ਮੌਕੇ ਤੇ ਕਿਹਾ, ਅਸੀਂ ਰਿਜ਼ਰਵੇਸ਼ਨ ਦਾ ਸਮਰਥਨ ਕਰਦੇ ਹਾਂ। ਜਦੋਂ ਤੱਕ ਸਮਾਜ ਵਿਚ ਅਸਮਾਨਤਾ ਹੈ, ਉਦੋਂ ਤੱਕ ਰਿਜ਼ਰਵੇਸ਼ਨ ਜ਼ਰੂਰੀ ਹੈ। ਉਹਨਾਂ ਕਿਹਾ ਕਿ ਹਜ਼ਾਰ ਸਾਲਾਂ ਤੋਂ ਉਹਨਾਂ ਲੋਕਾਂ ਨੇ ਦੇਸ਼ ਦੀ ਭਲਾਈ ਦੇ ਲਈ ਅੱਨਿਆ ਬਰਦਾਸ਼ਤ ਕੀਤਾ ਹੈ। ਹੁਣ ਸਾਡਾ ਕਰਤੱਵ ਹੈ ਕਿ ਅਸੀਂ ਬਰਾਬਰੀ ਤੇ ਲਿਆਈਏ।



ਜੇਕਰ ਕਿਸੇ ਨੂੰ ਸੌ ਸਾਲ ਅੱਨਿਆ ਸਹਿਣ ਕਰਨਾਂ ਪੈਂਦਾ ਹੈ ਤਾਂ ਸਹਿਣ ਕਰੇ। ਪ੍ਰੋਗਰਾਮ ਵਿਚ ਵਾਤਾਵਰਣ ਮੰਤਰੀ ਪ੍ਰਕਾਸ਼ ਜਾਵਡੇਕਰ, ਮਨੁੱਖੀ ਸਰੋਤ ਵਿਕਾਸ ਮੰਤਰੀ ਸਿਮਰਤੀ ਇਰਾਨੀ, ਵਿਸ਼ਵ ਹਿੰਦੂ ਪ੍ਰੀਸ਼ਦ ਨੇਤਾ ਅਸ਼ੋਕ ਸਿੰਘਲ ਵੀ ਮੰਚ ਤੇ ਮੌਜੂਦ ਸਨ। ਸੰਘ ਅਤੇ ਭਾਜਪਾ ਦੇ ਪ੍ਰਮੁੱਖ ਲੀਡਰਾਂ ਨੇ ਦਲਿਤਾਂ ਨੂੰ ਹਿੰਦੂ ਸਮਾਜ ਦੀ ਮਾਰਸ਼ਲ ਕੌਮ ਕਰਾਰ ਦਿੱਤਾ।

# ਹਰੀਜਨ ਸ਼ਬਦ ਦੀ ਵਰਤੋਂ ਬੰਦ ਕਰਨ ਸਿਆਸੀ ਲੀਡਰ: ਰਜਤ

ਹਿਸਾਰ- ਚੋਣ ਸਰਗਰਮੀਆਂ ਜ਼ੋਰਾਂ ਤੇ ਹਨ ਅਤੇ ਸਾਰੀਆਂ ਸਿਆਸੀ ਪਾਰਟੀਆਂ ਅਤੇ ਉਹਨਾਂ ਦੇ ਲੀਡਰ ਵੋਟਾਂ ਦੀ ਰਾਜਨੀਤੀ ਦੇ ਕਾਰਨ ਅਨੁਸੂਚਿਤ ਜਾਤੀ ਦੇ ਵੋਟ ਬੈਂਕ ਨੂੰ ਆਕਰਸ਼ਿਤ ਕਰਨ ਲੱਗੇ ਹਨ। ਅਜਿਹੇ ਵਿਚ ਦੇਖਣ ਵਿਚ ਆਇਆ ਕਿ ਸਿਆਸੀ ਲੀਡਰ ਰਾਜਨੀਤਿਕ ਸਭਾਵਾਂ ਨੂੰ ਸੰਬੋਧਿਤ ਕਰਨ ਦੌਰਾਨ ਅਨੁਸੂਚਿਤ ਜਾਤੀ ਦੇ ਲੋਕਾਂ ਦੇ ਲਈ ਖੁੱਲ੍ਹੇਆਮ ਹਰੀਜਨ ਸ਼ਬਦ ਦੀ ਵਰਤੋਂ ਕਰ ਰਹੇ ਹਨ, ਜਦਕਿ ਇਹ ਸ਼ਬਦ ਗੈਰ ਸੰਵਿਧਾਨਕ ਅਤੇ ਗੈਰ-ਸੰਸਦੀ ਹੈ। ਇਸ ਵਿਸ਼ੇ ਤੇ ਹਿਊਮਨ ਰਾਈਟਸ ਲਾਅ ਨੈਟਵਰਕ ਦੇ ਪ੍ਰਦੇਸ਼ ਸੰਯੋਜਕ ਅਤੇ ਦਲਿਤ ਅੱਤਿਆਚਾਰ ਮਾਮਲਿਆਂ ਦੇ ਪੈਰਵੀਕਾਰ ਵਕੀਲ ਰਜਤ ਕਲਸਨ ਨੇ ਗੁਰੂ ਰਵਿਦਾਸ ਕੈਂਪਸ ਵਿਚ ਸਮਾਜ ਦੇ ਲੋਕਾਂ ਦੀ ਬੈਠਕ ਕੀਤੀ। ਬੈਠਕ ਵਿਚ ਰਾਜਨੀਤਿਕ ਲੀਡਰਾਂ ਦੁਆਰਾ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਹਰੀਜਨ ਕਹਿ ਕੇ ਅਪਮਾਨਿਤ ਕਰਨ ਬਾਰੇ ਰੋਸ ਪ੍ਰਗਟ ਕੀਤਾ ਗਿਆ। ਸਭਾ ਨੂੰ ਸੰਬੋਧਿਤ ਕਰਦੇ ਹੋਏ ਕਲਸਨ ਨੇ ਕਿਹਾ ਕਿ ਇਸ ਸ਼ਬਦ ਦਾ ਸਭ ਤੋਂ ਪਹਿਲਾਂ ਕੇਂਦਰ ਸਰਕਾਰ ਨੇ 10 ਫਰਵਰੀ, 1982 ਨੂੰ ਸਾਰੇ ਰਾਜਾਂ, ਕੇਂਦਰੀ ਸ਼ਾਸ਼ਿਤ ਪਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਲਿਖ ਕੇ ਸਰਕਾਰੀ ਕੰਮਾਂ ਵਿਚ ਵਰਤੋਂ ਤੁਰੰਤ ਰੋਕਣ ਲਈ ਕਿਹਾ ਸੀ ਪਰ ਇਸ ਤੇ ਪੂਰਨ ਰੋਕ ਨਹੀਂ ਲੱਗ ਸਕੀ। ਇਸ ਦੇ ਕਾਰਨ 22 ਨਵੰਬਰ 2012 ਨੂੰ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਭਾਰਤ ਦੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਲਿਖ ਕੇ ਸਖ਼ਤ ਹਦਾਇਤ ਦਿੱਤੀ ਸੀ ਕਿ ਸਰਕਾਰੀ ਅਤੇ ਗੈਰ ਸਰਕਾਰੀ ਕੰਮਾਂ ਵਿਚ ਇਸ ਸ਼ਬਦ ਦੇ ਇਸਤੇਮਾਲ ਤੇ ਤੁਰੰਤ ਰੋਕ ਲਗਾਈ ਜਾਵੇ ਅਤੇ ਸਰਕਾਰ ਦੁਆਰਾ ਜਾਤੀ ਸਰਟੀਫਿਕੇਟਾਂ ਵਿਚ ਵੀ ਹਰੀਜਨ ਸ਼ਬਦ ਦੀ ਜਗ੍ਹਾ ਜਾਤੀ ਦੇ ਨਾਂ ਦਾ ਵਰਣਨ ਕੀਤਾ ਜਾਵੇ। ਕਲਸਨ ਨੇ ਕਿਹਾ ਕਿ ਇਸ ਦੇ ਬਾਵਜੂਦ ਸਰਕਾਰੀ ਕੰਮਕਾਜ ਖਾਸ ਤੌਰ ਤੇ ਪੁਲਿਸ ਵਿਭਾਗ ਵਿਚ ਹਰੀਜਨ ਸ਼ਬਦ ਦਾ ਪ੍ਰਯੋਗ ਧੜੱਲੇ ਨਾਲ ਕੀਤਾ ਜਾ ਰਿਹਾ ਹੈ। ਅੱਜਕਲ੍ਹ ਚੋਣਾਂ ਦੇ ਦੌਰਾਨ ਵੀ ਰਾਜਨੀਤਿਕ ਪਾਰਟੀਆਂ ਦੇ ਲੀਡਰ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਖੁੱਲ੍ਹੇਆਮ ਹਰੀਜਨ ਕਹਿ ਕੇ ਸੰਬੋਧਿਤ ਕਰ ਰਹੇ ਹਨ ਜੋ ਕਿ ਸਿੱਧਾ ਸਿੱਧਾ ਅਨੁਸੂਚਿਤ ਜਾਤੀ ਦੇ ਲੋਕਾਂ ਦਾ ਅਪਮਾਨ ਹੈ।


ਉਹਨਾਂ ਕਿਹਾ ਕਿ ਜੇਕਰ ਕੋਈ ਸਿਆਸੀ ਪਾਰਟੀ ਦਾ ਨੇਤਾ ਆਪਣੇ ਭਾਸ਼ਣਾਂ ਦੌਰਾਨ ਇਸ ਸ਼ਬਦ ਦੀ ਵਰਤੋਂ ਕਰਦਾ ਸੁਣਿਆ ਗਿਆ ਤਾਂ ਅਨੁਸੂਚਿਤ ਜਾਤੀ ਦੇ ਲੋਕ ਅਤੇ ਸੰਗਠਨ ਉਸ ਨੇਤਾ ਅਤੇ ਰਾਜਨੀਤਿਕ ਪਾਰਟੀ ਦਾ ਬਾਈਕਾਟ ਕਰਨਗੇ ਅਤੇ ਅਨੁਸੂਚਿਤ ਜਾਤੀ-ਜਨਜਾਤੀ ਐਕਟ ਦੇ ਤਹਿਤ ਉਸਦੇ ਖਿਲਾਫ ਅਪਰਾਧਿਕ ਕਾਨੂੰਨੀ ਕਾਰਵਾਈ ਵੀ ਕਰਨਗੇ।


ਖੁਸ਼ਖਬਰੀ **ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ** ਖੁਸ਼ਖਬਰੀ

**ARMAAN MUSIC PRODUCTION STUDIO**

ਖੁੱਲ੍ਹ ਗਿਆ ਹੈ ਸਟਾਕਟਨ ਵਿਚ

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ



ਸਾਡੇ ਕੋਲ ਪੂਰੇ ਹੈ ਹਾਈਟੈਕ Equipment ਅਸੀਂ PROTOOL, LOGIC ਤੇ ਰਿਕਾਰਡਿੰਗ ਕਰਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ

**209-242-3642**

Email:- NEWZINDGI@GMAIL.COM

## ਪ੍ਰੋ: ਮੋਹਨ ਸਿੰਘ ਜੀ ਨੂੰ ਯਾਦ ਕਰਦਿਆਂ

# ਨਵੀਨ ਸਮਾਜਵਾਦੀ ਪੰਜਾਬੀ ਕਵਿਤਾ ਦਾ ਸ਼ਹਿਨਸ਼ਾਹ ਕਵੀ- ਪ੍ਰੋ: ਮੋਹਨ ਸਿੰਘ



ਐਚ.ਐਲ.ਕਪੂਰ
916-587-4002

ਪ੍ਰੋ: ਮੋਹਨ ਸਿੰਘ ਜੀ ਦਾ ਜਨਮ ਪਾਕਿਸਤਾਨ ਦੇ ਮਰਦਾਨ ਕਸਬੇ ਵਿਚ 20 ਅਕਤੂਬਰ 1905 ਨੂੰ ਹੋਇਆ ਤੇ ਉਹ 3 ਮਈ, 1978 ਨੂੰ ਕੋਈ 73 ਵਰ੍ਹਿਆਂ ਦਾ ਆਪਣਾ ਜੀਵਨ ਜਿਉਂ ਕੇ ਇਸ ਸੰਸਾਰ ਨੂੰ ਪੰਜਾਬ ਦੇ ਸੰਨਤੀ ਸ਼ਹਿਰ ਲੁਧਿਆਣਾ ਵਿਖੇ ਸਦਾ ਲਈ ਅਲਵਿਦਾ ਕਹਿ ਗਏ। ਸੰਨ 1933 ਵਿਚ ਐਮ. ਏ. ਫਾਰਸੀ ਭਾਸ਼ਾ ਵਿਚ ਕਰਨ ਉਪਰੰਤ ਉਹ ਅੰਮ੍ਰਿਤਸਰ ਦੇ ਖਾਲਸਾ ਕਾਲਜ ਵਿਚ ਬਤੌਰ ਲੈਕਚਰਾਰ ਨਿਯੁਕਤ ਹੋ ਗਏ। ਉਹਨਾਂ ਨੇ ਇਕ ਸਨਮਾਨਿਤ ਪ੍ਰੋਫੈਸਰ ਵਜੋਂ ਲੁਧਿਆਣੇ ਦੀ 'ਪੰਜਾਬ ਖੇਤੀਬਾੜੀ ਯੂਨੀਵਰਸਿਟੀ' ਵਿਚ ਵੀ 1970 ਤੋਂ 1974 ਤੱਕ ਕੰਮ ਕੀਤਾ। ਉਹ ਆਪਦੇ ਸਮੇਂ ਦੇ ਨਵੀਨ ਪੰਜਾਬ ਕਵਿਤਾ ਦੇ ਸਭ ਤੋਂ ਵੱਡੇ ਪ੍ਰਗਤੀਵਾਦੀ, ਸਮਾਜਵਾਦੀ, ਯਥਾਰਥਵਾਦੀ, ਤਰਕਵਾਦੀ, ਬੌਧਿਕਤਾ ਵਿਚ ਨਿਪੁੰਨ ਤੇ ਰੋਮਾਂਟਿਕ ਕਵੀ ਸਨ। ਉਹਨਾਂ ਨੂੰ ਨਵੀਨ ਪੰਜਾਬੀ ਕਵਿਤਾ ਦਾ ਪਿਤਾਮਾ ਸ਼ਾਇਰ ਵੀ ਕਿਹਾ ਜਾਂਦਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ 18ਵੀਂ ਸਦੀ ਵਿਚ ਪੈਦਾ ਹੋਏ ਵਾਰਿਸ ਸ਼ਾਹ ਨੂੰ ਪੰਜਾਬੀ ਕਵਿਤਾ ਦਾ ਸ਼ਹਿਨਸ਼ਾਹ ਕਿਹਾ ਜਾਂਦਾ ਹੈ ਤੇ ਉਹਨਾਂ ਤੋਂ ਬਾਅਦ 20ਵੀਂ ਸਦੀ ਵਿਚ ਸਿਰਫ ਇਹ ਦਰਜਾ ਪ੍ਰੋ: ਮੋਹਨ ਸਿੰਘ ਜੀ ਨੂੰ ਹੀ ਦਿੱਤਾ ਜਾਂਦਾ ਹੈ, ਭਾਵੇਂ ਉਹਨਾਂ ਦੇ ਸਮਾਨੰਤਰ ਡਾ: ਹਰਭਜਨ ਸਿੰਘ, ਅੰਮ੍ਰਿਤਾ ਪ੍ਰੀਤਮ ਤੇ ਸ਼ਿਵ ਕੁਮਾਰ ਬਟਾਲਵੀ ਵਰਗੇ ਉਚ ਪਾਏ ਦੇ ਸ਼ਾਇਰ ਵੀ ਕਵਿਤਾ ਦੀ ਰਚਨਾ ਕਰ ਰਹੇ ਸਨ। ਸ਼ੁਰੂ-ਸ਼ੁਰੂ ਵਿਚ ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਪ੍ਰੋ: ਮੋਹਨ ਸਿੰਘ ਜੀ ਨਾਲੋਂ ਵੀ ਚੰਗੀ ਕਵਿਤਾ ਲਿਖਦੇ ਸਨ। ਉਸ ਸਮੇਂ ਪ੍ਰੋ: ਮੋਹਨ ਸਿੰਘ ਜੀ ਨੇ ਮਹਿਸੂਸ ਕੀਤਾ ਕਿ ਜੇਕਰ ਸੇਖੋਂ ਸਾਹਿਬ ਨੇ ਕਵਿਤਾ ਲਿਖਣੀ ਜਾਰੀ ਰੱਖੀ ਤਾਂ ਕਵਿਤਾ ਦੇ ਖੇਤਰ ਵਿਚ ਉਹਨਾਂ ਦਾ ਨਾਂ ਇੰਨਾ ਨਹੀਂ ਚਮਕੇਗਾ। ਇਕ ਵਾਰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਨ ਤੇ ਕਵੀ ਦਰਬਾਰ ਕਰਵਾਇਆ ਗਿਆ। ਉਸ ਕਵੀ ਦਰਬਾਰ ਵਿਚ ਸੰਤ ਸਿੰਘ ਸੇਖੋਂ ਜੀ ਦੀ ਕਵਿਤਾ ਪਹਿਲੇ ਨੰਬਰ ਤੇ ਰਹੀ ਤੇ ਉਸ ਦੀ ਬਹੁਤ ਸਰਾਹਨਾ ਹੋਈ ਤੇ ਫਿਰ ਮੋਹਨ ਸਿੰਘ ਜੀ ਨੇ ਸੇਖੋਂ ਸਾਹਿਬ ਨੂੰ ਬੇਨਤੀ ਕੀਤੀ ਕਿ ਕਵਿਤਾ ਦਾ ਪਿੜ ਮੇਰੇ ਲਈ ਹੀ ਰਹਿਣ ਦਿਓ, ਕਿਉਂਕਿ ਤੁਸੀਂ ਤਾਂ ਸਾਹਿਤ ਦੇ ਦੂਸਰੇ ਰੂਪਾਂ ਵਿਚ ਵੀ ਵਧੀਆ ਲਿਖ ਲੈਂਦੇ ਹੋ ਤੇ ਫਿਰ ਸੇਖੋਂ ਸਾਹਿਬ ਨੇ ਮੋਹਨ ਸਿੰਘ ਜੀ ਦੀ ਬੇਨਤੀ ਸਵੀਕਾਰ ਕਰਕੇ ਕਵਿਤਾ ਲਿਖਣੀ ਛੱਡ ਦਿੱਤੀ।

ਪ੍ਰੋ: ਮੋਹਨ ਸਿੰਘ ਜੀ ਨੇ ਆਪਣੀ ਕਵਿਤਾ ਵਿਚ ਮਨੁੱਖੀ ਜ਼ਿੰਦਗੀ ਦੇ ਹਰ ਪਹਿਲੂ ਤੇ ਲਿਖਿਆ ਤੇ ਕੋਈ ਅਜਿਹਾ ਵਿਸ਼ਾ ਜਾਂ ਪਾਤਰ ਨਹੀਂ ਛੱਡਿਆ ਜਿਸ ਤੇ ਆਪਣੀ ਕਲਮ ਨਾ ਚਲਾਈ ਹੋਵੇ। ਉਹਨਾਂ ਦੀ ਕਵਿਤਾ ਵਿਚ ਮਾਨਵਤਾ ਦੀ ਸੇਧ ਲਈ ਤੇ ਕਲਿਆਣ ਲਈ ਬੜਾ ਸਪਸ਼ਟ ਸੰਦੇਸ਼ ਹੈ। ਉਹ ਮਾਨਵਤਾ ਵਿਚ ਤਰਕਸ਼ੀਲਤਾ ਤੇ ਵਿਗਿਆਨਕ ਸੋਚ ਲਿਆਉਣਾ ਚਾਹੁੰਦੇ ਸਨ, ਕਿਉਂਕਿ ਇਸੇ ਸੋਚ ਨਾਲ ਹੀ ਸਮਾਜ ਵਿਚ ਪ੍ਰੀਵਰਤਨ ਆ ਸਕਦਾ ਹੈ। ਉਹ ਪੱਛਮੀ ਤੇ ਪੂਰਬੀ ਸਾਹਿਤ ਵਿਚ ਬਹੁਤ ਗਿਆਨ ਰੱਖਦੇ ਸਨ। ਉਹ ਡਾ: ਮੁਹੰਮਦ ਇਕਬਾਲ ਨੂੰ ਆਪਣਾ ਗੁਰੂ ਮੰਨਦੇ ਸਨ।

ਸ਼ੁਰੂ-ਸ਼ੁਰੂ ਵਿਚ ਪ੍ਰੋ: ਮੋਹਨ ਸਿੰਘ ਜੀ ਦਾ ਝੁਕਾਅ ਰੁਮਾਂਟਿਕ ਕਵਿਤਾ ਵੱਲ ਸੀ ਕਿਉਂਕਿ ਇਸ ਵਿਚ ਉਹਨਾਂ ਦੀ ਨਿੰਜੀ ਪੀੜਾ ਵੀ ਸ਼ਾਮਲ ਸੀ। ਉਹਨਾਂ ਦੀ ਸ਼ਾਦੀ ਤੋਂ ਥੋੜ੍ਹੇ ਸਮੇਂ ਬਾਅਦ ਹੀ ਉਹਨਾਂ ਦੀ ਪਿਆਰੀ ਪਤਨੀ ਸ੍ਰੀਮਤੀ ਬਸੰਤ ਕੌਰ ਜੀ ਦਾ ਦੇਹਾਂਤ ਹੋ ਗਿਆ ਤੇ ਉਹ ਉਦਾਸ ਰਹਿਣ ਲੱਗੇ ਤੇ ਉਹਨਾਂ ਦੇ ਵਿਯੋਗ ਵਿਚੋਂ ਹੀ ਇਹ ਰੁਮਾਂਟਿਕ ਕਵਿਤਾ ਪੈਦਾ ਹੋਈ ਪਰ ਛੇਤੀ ਹੀ ਉਸ ਤੋਂ ਬਾਅਦ ਉਹ 1935-36 ਵਿਚ ਬੰਗਲੌਰ ਵਿਖੇ ਪ੍ਰਗਤੀਵਾਦੀ ਸਾਹਿਤਕਾਰਾਂ ਦੀ ਹੋਈ ਮੀਟਿੰਗ ਵਿਚ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਜੀ ਦੇ ਨਾਲ ਪੰਜਾਬੀ ਸਾਹਿਤਕਾਰਾਂ ਵਜੋਂ ਸ਼ਾਮਲ ਹੋਏ। ਇਸ ਮੀਟਿੰਗ ਦੀ ਪ੍ਰਧਾਨਗੀ ਬੰਗਲਾ ਸਾਹਿਤ ਦੇ ਬਹੁਤ ਹੀ ਮਸ਼ਹੂਰ ਪ੍ਰਗਤੀਵਾਦੀ ਲਿਖਾਰੀ ਸ੍ਰੀ ਬੰਕਮ ਚੰਦਰ ਜੀ ਨੇ ਕੀਤੀ। ਉਹ ਉਸ ਸਮੇਂ ਬੰਗਲਾ ਸਾਹਿਤ ਪ੍ਰਗਤੀਵਾਦੀ ਲੀਹਾਂ ਤੇ ਲਿਖ ਰਹੇ ਸਨ ਕਿਉਂਕਿ ਉਹ ਕਾਰਲ ਮਾਰਕਸ ਤੋਂ ਬਹੁਤ ਪ੍ਰਭਾਵਿਤ ਸਨ ਤੇ ਉਹਨਾਂ ਦੇ ਸਮਾਜਵਾਦੀ ਯਥਾਰਥਵਾਦੀ ਨਜ਼ਰੀਏ ਨੂੰ ਸਲਾਮ ਕਰਦੇ ਸਨ। ਇਸ ਮੀਟਿੰਗ ਵਿਚ ਇਹ ਨਿਰਣੇ ਲਏ ਗਏ ਕਿ ਭਾਰਤੀ ਸਮਾਜ ਵਿਚ ਸਮਾਜਵਾਦ ਲਿਆਂਦਾ ਜਾਵੇ ਤੇ ਪ੍ਰਗਤੀਵਾਦੀ ਵਿਗਿਆਨਕ ਲੀਹਾਂ ਤੇ ਲਿਖਿਆ ਜਾਵੇ ਤਾਂ ਜੋ ਸਮਾਜ ਅਗਾਂਹਵਧੂ ਵਿਚਾਰਾਂ ਦਾ ਬਣ ਸਕੇ। ਅਗਾਂਹਵਧੂ ਵਿਚਾਰਾਂ ਨਾਲ ਹੀ ਮਨੁੱਖਤਾ ਅਧਿਆਤਮਵਾਦ ਦੀ ਜਿੱਲ੍ਹਣ ਵਿਚੋਂ ਨਿਕਲ ਸਕਦੀ ਹੈ। ਇਸ ਤੋਂ ਬਾਅਦ ਪ੍ਰੋ: ਮੋਹਨ ਸਿੰਘ ਜੀ ਨੇ ਰੋਮਾਂਟਿਕ ਲੀਹ ਤਿਆਗਦਿਆਂ ਆਪਣੀ ਕਵਿਤਾ ਨੂੰ ਪ੍ਰਗਤੀਵਾਦੀ ਲਹਿਰ ਨਾਲ ਜੋੜ ਲਿਆ ਤੇ ਸਮਾਜ ਦੇ ਹਰ ਪਹਿਲੂ ਤੇ ਲਿਖਣਾ ਸ਼ੁਰੂ ਕਰ ਦਿੱਤਾ।ਜਿਉਂ ਜਿਉਂ ਉਹ ਆਪਣੇ ਬੌਧਿਕ ਵਿਕਾਸ ਦੀਆਂ ਮੰਜ਼ਿਲਾਂ ਪਾਰ ਕਰਦੇ ਗਏ, ਤਿਉਂ-ਤਿਉਂ ਉਹਨਾਂ ਦੀ ਕਵਿਤਾ ਦਾ ਵੀ ਵਿਕਾਸ ਹੁੰਦਾ ਗਿਆ। ਉਹਨਾਂ ਦੀ ਇਸੇ ਬੌਧਿਕ ਵਿਕਾਸ ਦੀ ਰਫ਼ਤਾਰ ਨੇ ਉਹਨਾਂ ਨੂੰ ਨਵੀਨ ਪੰਜਾਬੀ ਪ੍ਰਗਤੀਵਾਦੀ ਕਵਿਤਾ ਦਾ 20ਵੀਂ ਸਦੀ ਦਾ ਸਭ ਤੋਂ ਵੱਡਾ ਤੇ ਸਿਰਮੌਰ ਕਵੀ ਬਣਾ ਦਿੱਤਾ।

ਉਹਨਾਂ ਨੇ ਪੰਜਾਬੀ ਸਾਹਿਤ ਦੀ ਝੋਲੀ ਵਿਚ 10 ਕਾਵਿ ਸੰਗ੍ਰਹਿ ਪਾਏ ਤੇ ਜਿਹਨਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਤੇ ਇਕ ਮਹਾਂਕਾਵਿ 'ਨਨਕਾਇਣ' ਵੀ ਸ਼ਾਮਲ ਹੈ। ਕਾਵਿ ਸੰਗ੍ਰਹਿ ਹਨ: ਸਾਵੇ ਪੱਤਰ, ਕਸੁੰਭੜਾ, ਅਧਵਾਟੇ, ਕੱਚ ਸੱਚ, ਆਵਾਜ਼ਾ, ਵੱਡਾ ਵੇਲਾ, ਜੰਦਰੇ, ਜੈਮੀਰ ਤੇ ਬੂਹੇ। ਉਹਨਾਂ ਨੇ ਆਪਣੀਆਂ ਕੁਝ ਪੁਸਤਕਾਂ ਦਾ ਤਰਜ਼ਮਾ ਦੂਜੀਆਂ ਭਾਸ਼ਾਵਾਂ ਵਿਚ ਵੀ ਕੀਤਾ ਤੇ ਕੁਝ ਕਹਾਣੀਆਂ ਵੀ ਲਿਖੀਆਂ। ਉਹਨਾਂ ਦੇ ਸਾਹਿਤ ਵਿਚ ਚੰਗੇ ਕੰਮ ਬਦਲੇ 1968 ਵਿਚ ਉਹਨਾਂ ਨੂੰ 'ਸੋਵੀਅਤ ਲੈਂਡ ਨਹਿਰੂ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਪ੍ਰਾਪਤ ਕਰਨ ਵਾਲੇ ਪੰਜਾਬੀ ਸਾਹਿਤ ਦੇ ਉਹ ਪਹਿਲੇ ਲਿਖਾਰੀ ਸਨ।

ਉਹਨਾਂ ਨੇ ਆਪਣੀ ਜ਼ਿੰਦਗੀ ਦੇ ਆਰੰਭਕ ਕਈ ਸਾਲ ਆਪਣੇ ਜੱਦੀ ਪਿੰਡ ਧਮਿਆਲ (ਰਾਵਲਪਿੰਡੀ) ਵਿਖੇ ਬਤੀਤ ਕੀਤੇ। ਉਹਨਾਂ ਨੇ ਆਪਣੀ ਬਹੁਤ ਹੀ ਪ੍ਰਸਿੱਧ ਕਵਿਤਾ 'ਕੁੜੀ ਪੋਠੋਹਾਰ ਦੀ' ਆਪਣੇ ਆਰੰਭਕ ਰੋਮਾਂਟਿਕ ਦੌਰ ਵਿਚ ਲਿਖੀ। ਉਹਨਾਂ ਦੀ ਕਵਿਤਾ ਦੇ ਪਾਠਕ ਪੰਜਾਬੀ ਭਾਸ਼ਾ ਤੋਂ ਇਲਾਵਾ ਅੰਗਰੇਜ਼ੀ, ਫਾਰਸੀ ਤੇ ਉਰਦੂ ਭਾਸ਼ਾ ਵਿਚ ਵੀ ਹਨ। ਅੰਮ੍ਰਿਤਸਰ ਵਿਚ ਰਹਿੰਦਿਆਂ ਹੀ ਪ੍ਰਿੰਸੀਪਲ ਤੇਜਾ ਸਿੰਘ, ਪ੍ਰਿੰਸੀਪਲ ਸੰਤ ਸਿੰਘ 'ਸੇਖੋਂ' ਤੇ ਗੁਰਬਚਨ ਸਿੰਘ 'ਤਾਲਬ' ਉਹਨਾਂ ਦੇ ਗੂੜ੍ਹੇ ਮਿੱਤਰ ਬਣ ਗਏ। ਸਾਲ 1940 ਵਿਚ ਬਤੌਰ ਲੈਕਚਰਾਰ ਉਹਨਾਂ ਨੇ ਲਾਹੌਰ ਵਿਖੇ 'ਸਿੱਖ ਨੈਸ਼ਨਲ ਕਾਲਜ' ਜੁਆਇਨ ਕਰ ਲਿਆ ਤੇ ਥੋੜ੍ਹਾ ਸਮਾਂ ਨੌਕਰੀ ਕਰਕੇ ਛੱਡ ਦਿੱਤੀ ਤੇ ਇਕ ਫਰਮ ਬਣਾ ਲਈ ਜਿਸ ਦਾ ਨਾਂ ਸੀ 'ਹਿੰਦ ਪਬਲੀਸ਼ਰ ਟੂ ਪ੍ਰਮੋਟ ਦੀ ਲਿਟਰੇਰੀ ਸਟੈਂਡਰਜ਼ ਆਫ ਪੰਜਾਬੀ ਪਬਲੀਕੇਸ਼ਨ'। ਸੰਨ 1939 ਵਿਚ ਲਾਹੌਰ ਵਿਖੇ ਹੀ ਰਹਿੰਦਿਆਂ ਉਹਨਾਂ ਨੇ ਆਪਣਾ ਮਾਸਿਕ ਮੈਗਜ਼ੀਨ 'ਪੰਜ ਦਰਿਆ' ਕੱਢਿਆ। ਇਹ ਉਸ ਸਮੇਂ ਦਾ ਪੰਜਾਬੀ ਸਾਹਿਤ ਦਾ ਸਾਹਿਤਕ ਰਚਨਾਵਾਂ ਪੱਖੋਂ ਬਹੁਤ ਹੀ ਉਚ ਪੱਧਰ ਦਾ ਮੈਗਜ਼ੀਨ ਸੀ। ਇੱਥੇ ਰਹਿੰਦਿਆਂ ਉਹਨਾਂ ਨੇ ਸਾਹਿਤ ਦੇ ਖੇਤਰ ਵਿਚ ਸਰਦਾਰ ਕੁਲਵੰਤ ਸਿੰਘ 'ਵਿਰਕ' ਨੂੰ ਉਤਸ਼ਾਹਿਤ ਕੀਤਾ ਤੇ ਉਹਨਾਂ ਦੀ ਪਹਿਲੀ ਕਹਾਣੀ ਆਪਣੇ ਮੈਗਜ਼ੀਨ ਵਿਚ 1945 ਨੂੰ ਛਾਪ ਕੇ ਵਿਰਕ ਸਾਹਿਬ ਨੂੰ ਇਕ ਪੱਤਰ ਲਿਖ ਕੇ ਕਿਹਾ ਕਿ 'ਮੈਨੂੰ ਤੁਹਾਡੇ ਅੰਦਰ ਇਕ ਬਹੁਤ ਵੱਡਾ ਸਾਹਿਤਕਾਰ ਨਜ਼ਰ ਆਉਂਦਾ ਹੈ।' ਵਿਰਕ ਸਾਹਿਬ ਉਹਨਾਂ ਦਿਨਾਂ ਵਿਚ ਅਜੇ ਲਾਹੌਰ ਵਿਚ ਵਿਦਿਆਰਥੀ ਹੀ ਸਨ। 1947 ਵਿਚ ਪੰਜਾਬ ਦੀ ਵੰਡ ਤੋਂ ਬਾਅਦ ਉਹਨਾਂ ਨੇ ਆਪਣਾ ਕਾਰੋਬਾਰ ਅੰਮ੍ਰਿਤਸਰ ਵਿਚ ਆਰੰਭ ਕਰ ਦਿੱਤਾ ਤੇ ਉਹਨਾਂ ਤੋਂ ਬਾਅਦ ਜਲੰਧਰ ਵਿਚ ਲਿਆਂਦਾ ਤੇ ਥੋੜ੍ਹਾ ਸਮਾਂ ਚਲਾ ਕੇ ਫਿਰ ਬੰਦ ਕਰ ਦਿੱਤਾ। ਉਸ ਤੋਂ ਬਾਅਦ ਫਿਰ ਉਹ ਖਾਲਸਾ ਕਾਲਜ ਪਟਿਆਲਾ ਵਿਖੇ ਲੈਕਚਰਾਰ ਵਜੋਂ ਨਿਯੁਕਤ ਹੋ ਗਏ। ਇੱਥੇ ਥੋੜ੍ਹਾ ਸਮਾਂ ਨੌਕਰੀ ਕਰਨ ਬਾਅਦ ਫਿਰ ਲੁਧਿਆਣੇ ਖੇਤੀਬਾੜੀ ਯੂਨੀਵਰਸਿਟੀ ਵਿਚ ਆ ਗਏ ਤੇ ਇੱਥੇ ਨੌਕਰੀ ਕਰਦਿਆਂ ਆਪਣੀ ਜ਼ਿੰਦਗੀ ਦੇ ਆਖਰੀ ਦਿਨ ਬਤੀਤ ਕੀਤੇ।



ਗੁਰੂ ਨਾਨਕ ਦੇਵ ਜੀ ਦੀ ਜੀਵਨੀ ਤੇ 'ਮਹਾਂਕਾਵਿ' ਲਿਖਣ ਲਈ ਪੰਜਾਬ ਯੂਨੀਵਰਸਿਟੀ ਨੇ ਗੁਰੂ ਸਾਹਿਬ ਦੇ 500 ਸਾਲਾ ਜਨਮ ਦਿਨ ਤੋਂ ਕੋਈ 20 ਸਾਲ ਪਹਿਲਾਂ ਪ੍ਰੋ: ਮੋਹਨ ਸਿੰਘ ਜੀ ਨੂੰ ਬੇਨਤੀ ਕੀਤੀ ਸੀ ਤੇ ਉਹਨਾਂ ਨੇ ਇਹ ਕਾਰਜ ਬੜੀ ਮਿਹਨਤ ਤੇ ਤਨਦੇਹੀ ਨਾਲ ਨਿਭਾਇਆ ਤੇ 'ਨਨਕਾਇਣ' ਮਹਾਂਕਾਵਿ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਜਨਮ ਦਿਨ 'ਤੇ ਆਪਣੇ ਵਾਅਦੇ ਮੁਤਾਬਕ 1969 ਵਿਚ ਜਾਰੀ ਕੀਤਾ। ਇਹ ਮਹਾਂਕਾਵਿ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਮੀਲ ਪੱਥਰ ਹੈ ਕਿਉਂਕਿ ਇਹ ਮਹਾਂਕਾਵਿ ਇਕ ਬਹੁਤ ਹੀ ਉਚ ਪਾਏ ਦੀ ਰਚਨਾ ਹੈ ਜੋ ਗੁਰੂ ਨਾਨਕ ਸਾਹਿਬ ਦੀ ਜੀਵਨੀ ਤੇ ਸਿਧਾਂਤਾਂ ਉਤੇ ਰੋਸ਼ਨੀ ਪਾਉਂਦਾ ਹੈ।

ਪ੍ਰੋ: ਮੋਹਨ ਸਿੰਘ ਜੀ ਸ਼ਤਰੰਜ ਦੇ ਵੀ ਵੱਡੇ ਖਿਡਾਰੀ ਸਨ। ਜਿੱਥੇ ਜਿੱਥੇ ਵੀ ਗਏ ਉਥੇ-ਉਥੇ ਉਹਨਾਂ ਨੇ ਇਸ ਖੇਤਰ ਵਿਚ ਤੇ ਸਾਹਿਤ ਦੇ ਖੇਤਰ ਵਿਚ ਆਪਣੇ ਬਹੁਤ ਦੋਸਤ ਬਣਾਏ। ਉਹ ਆਪਣੇ ਯਾਰਾਂ ਦੋਸਤਾਂ ਦੀ ਮਹਿਫਲ ਵਿਚ ਅਕਸਰ ਪੋਠੋਹਾਰੀ ਗੀਤ ਸੁਣਾਇਆ ਕਰਦੇ ਸਨ। ਇਹ ਵੀ ਉਹਨਾਂ ਦੀ ਸ਼ਖ਼ਸੀਅਤ ਦਾ ਇਕ ਖਾਸ ਪਹਿਲੂ ਹੈ।

ਪ੍ਰੋ: ਮੋਹਨ ਸਿੰਘ ਜੀ ਨੇ ਰੁਮਾਂਸਵਾਦ ਤੋਂ ਸਮਾਜਵਾਦੀ ਯਥਾਰਥਵਾਦ ਤੱਕ ਜੋ ਵਿਕਾਸ ਦਾ ਸਫਰ ਕੀਤਾ ਉਸ ਦੀਆਂ ਕੁਝ ਇਕ ਉਦਾਹਰਣਾਂ ਉਹਨਾਂ ਦੀ ਕਵਿਤਾ ਵਿਚ ਨਿਮਨ-ਲਿਖਤ ਅਨੁਸਾਰ ਹਨ:

ਮੋਹਨ ਕਿੰਝ ਬਣਦਾ ਤੂੰ ਸ਼ਾਇਰ,
ਜੇ ਕਰ ਮੈਂ ਨਾ ਮਰਦੀ।

ਉਕਤ ਲਾਈਨਾਂ ਮੋਹਨ ਸਿੰਘ ਜੀ ਦਾ ਆਪਣੀ ਪਤਨੀ ਬਸੰਤ ਕੌਰ ਜੀ ਨਾਲ ਕਿੰਨਾ ਪਿਆਰ ਸੀ, ਜ਼ਾਹਿਰ ਕਰਦੀਆਂ ਹਨ। 'ਬਸੰਤ' ਕਵਿਤਾ ਉਹਨਾਂ ਅੰਦਰ ਆਪਣੀ ਪਤਨੀ ਲਈ ਪਿਆਰ ਤੇ ਭਾਵੁਕਤਾ ਪ੍ਰਗਟ ਕਰਦੀ ਹੈ ਤੇ ਇਹ ਭਾਵੁਕਤਾ ਹੀ ਉਹਨਾਂ ਨੂੰ ਇੰਡਾ ਵੱਡਾ ਸ਼ਾਇਰ ਬਣਾਉਣ ਵਿਚ ਮਦਦ ਕਰਦੀ ਹੈ।

ਆਪਣੀ ਇਕ ਹੋਰ ਕਵਿਤਾ ਵਿਚ ਉਹ ਹੁਸਨ ਤੇ ਇਸ਼ਕ ਦੇ ਜਲਵਿਆਂ ਦੀ ਗੱਲ ਕਰਦੇ ਹਨ ਤੇ ਆਪਣੇ ਅੰਦਰੋਂ ਰੋਮਾਂਸ ਦੇ ਜ਼ੋਰ ਤੇ ਇਸ਼ਕ ਦੇ ਹੜ੍ਹ ਦੀ ਵੀ ਚਰਚਾ ਕਰਦੇ ਹਨ:

ਆਪਨੀ ਜਾਤ ਦਿਖਾਲਣ ਬਦਲੇ,
ਰੱਬ ਨੇ ਹੁਸਨ ਬਣਾਇਆ।
ਦੇਖ ਹੁਸਨ ਦੇ ਤਿੱਖੇ ਜਲਵੇ,
ਜ਼ੋਰ ਇਸ਼ਕ ਨੇ ਪਾਇਆ।
ਫੁਰਿਆ ਜਦੋਂ ਇਸ਼ਕ ਦਾ ਜਾਦੂ,
ਦਿਲ ਵਿਚ ਕੁੱਦੀ ਮਸਤੀ।
ਇਹ ਮਸਤੀ ਜਦ ਬੋਲ ਉਠੀ ਤਾਂ,
ਹੜ੍ਹ ਕਵਿਤਾ ਦਾ ਆਇਆ।

ਬਚਪਨ ਦੀਆਂ ਸ਼ਰਾਰਤਾਂ ਦਾ ਵੀ ਉਹ ਆਪਣੀ ਕਵਿਤਾ 'ਛੱਤੋ ਦੀ ਬੇਰੀ' ਵਿਚ ਇਸ ਤਰ੍ਹਾਂ ਵਰਣਨ ਕਰਦੇ ਹਨ:

ਉਹ ਕਿੱਧਰ ਗਏ ਦਿਹਾੜੇ,
ਜਦ ਛੱਤੋ ਦੇ ਪਿਛਵਾੜੇ।
ਅਸਾਂ ਬੇਰ ਛੱਤੋ ਦੇ ਢਾਂਦੇ,
ਹੱਸ ਹੱਸ ਕੇ ਗਾਲ੍ਹਾਂ ਖਾਂਦੇ।

'ਖੂਹ ਦੀ ਗਾਧੀ' (ਕਵਿਤਾ ਵਿਚ ਗਾਧੀ ਜੋ ਨੁਮਾਰ ਦੀ ਬਣੀ ਹੋਈ ਹੈ ਤੇ ਉਸ ਉਤੇ ਬੈਠਾ ਕਿਸਾਨ ਬਲਦਾਂ ਨੂੰ ਹੱਕਦਾ ਹੋਇਆ ਤੇ ਗਾਧੀ 'ਤੇ ਬੈਠੇ ਦੀ ਅੱਖ ਲੱਗ ਜਾਣ ਨੂੰ ਤੇ ਸਵਾਰੀ ਕਰਨ ਨੂੰ ਸਵਰਗਾਂ ਦਾ ਝੂਟਾ ਆਖਦਾ ਹੈ:

ਇਹ ਗਾਧੀ ਬਣੀ ਨੁਮਾਰੀ ਏ।
ਅੱਗੇ ਵਗਦਾ ਬਲਦ ਹਜ਼ਾਰੀਏ।
ਕਰ ਇਸ ਉਤੇ ਅਸਵਾਰੀ ਏ।
ਭੁੱਲ ਜਾਵਣ ਦੋਵੇਂ ਜੱਗ ਨੀ।
ਸਾਡੇ ਖੂਹ ਤੇ ਵੱਸਦਾ ਰੱਬ ਨੀ।

'ਅੰਬੀ ਦਾ ਬੂਟਾ' ਕਵਿਤਾ ਵੀ ਉਹਨਾਂ ਦੀ ਬਹੁਤ ਮਸ਼ਹੂਰ ਕਵਿਤਾ ਹੈ। ਇਸ ਵਿਚ ਇਕ ਪਤਨੀ ਆਪਣੇ ਪਰਦੇਸ ਬੈਠੇ ਪਤੀ ਨੂੰ ਯਾਦ ਕਰਦੀ ਹੋਈ ਕਹਿੰਦੀ ਹੈ ਕਿ ਭਾਵੇਂ ਇਸ ਅੰਬੀ ਦੇ ਬੂਟੇ ਦੀ ਛਾਂ ਤੇ ਉਸ ਦੀਆਂ ਅੰਬੀਆਂ ਦੇ ਰਸ ਦਾ ਉਹ ਭਰਪੂਰ ਆਨੰਦ ਮਾਣਦੀ ਹੈ ਪਰ ਆਪਣੇ ਮਾਹੀ ਤੋਂ ਬਿਨਾਂ ਵੰਡਦਾ ਤੇ ਘੱਟਾ ਲੱਗਦਾ ਹੈ ਭਾਵ ਚੰਗਾ ਨਹੀਂ ਲੱਗਦਾ।

ਇਕ ਬੂਟਾ ਅੰਬੀ ਦਾ,
ਘਰ ਸਾਡੇ ਲੱਗਾ ਨੀ।
ਜਿਸ ਥੱਲੇ ਬਹਿਣਾ ਨੀ,
ਸੁਰਗਾਂ ਵਿਚ ਰਹਿਣਾ ਨੀ।
ਕੀ ਉਸ ਦਾ ਕਹਿਣਾ ਨੀ, ਵਿਹੜੇ ਦਾ ਗਹਿਣਾ ਨੀ।
ਪਰ ਮਾਹੀ ਬਾਝੋਂ ਨੀ, ਪਰਦੇਸੀ ਬਾਝੋਂ ਨੀ।
ਇਹ ਮੈਨੂੰ ਵੰਡਦਾ ਹੈ ਤੇ ਘੱਟਾ ਲੱਗਦਾ ਹੈ।

'ਸਿਪਾਹੀ ਦਾ ਦਿਲ' ਕਵਿਤਾ ਉਹਨਾਂ ਦੀ ਦੇਸ਼ ਪਿਆਰ ਦੀ ਕਵਿਤਾ ਹੈ, ਇਸ ਵਿਚ ਇਕ ਨਵਵਿਆਹਿਆ ਹੋਇਆ ਫੌਜੀ ਸਿਪਾਹੀ ਆਪਣੇ ਵਿਆਹੁਤਾ ਜੀਵਨ ਦੇ ਸਾਰੇ ਸੁੱਖ-ਆਨੰਦ ਛੱਡ ਕੇ ਦੇਸ਼ 'ਤੇ ਕੀਤੇ ਵੈਰੀ ਦੇ ਹਮਲੇ ਦਾ ਮੂੰਹ ਤੋੜ ਜਵਾਬ ਦੇਣ ਲਈ ਲੜਾਈ ਦੇ ਮੈਦਾਨ ਵਿਚ ਘਰੋਂ ਘੋੜੇ 'ਤੇ ਸਵਾਰ ਹੋ ਕੇ ਜਾਣ ਲੱਗੇ ਦੀਆਂ ਉਸ ਦੀ ਪਤਨੀ ਘੋੜੇ ਦੀਆਂ ਵਾਗਾਂ ਫੜ ਕੇ ਉਸ ਨੂੰ ਜਾਣ ਤੋਂ ਰੋਕ ਲੈਂਦੀ ਹੈ ਤੇ ਅੱਗੋਂ ਸਿਪਾਹੀ ਇਹ ਆਖਦਾ ਹੈ:

ਵਾਗਾਂ ਛੱਡ ਦੇ ਹੰਝੂਆਂ ਵਾਲੀਏ ਨੀ,
ਪੈਰ ਧਰਨ ਦੇ ਮੈਨੂੰ ਰਕਾਬ ਉਤੇ।
ਸਾਡੇ ਦੇਸ਼ ਤੇ ਬਣੀ ਏ ਭੀੜ ਭਾਰੀ,
ਟੁੱਟ ਪਏ ਨੇ ਵੈਰੀ ਪੰਜਾਬ ਉਤੇ।

ਉਹਨਾਂ ਦੀ ਇਕ ਗ਼ਜ਼ਲ ਦਾ ਨਮੂਨਾ ਜੋ ਦੇਸ਼ ਪੰਜਾਬ ਦੀ ਸਿਫ਼ਤ ਇਸ ਤਰ੍ਹਾਂ ਕਰਦਾ ਹੈ:-

ਭਾਰਤ ਹੈ ਵਾਂਗ ਮੁੰਦਰੀ, ਵਿਚ ਨਗ ਪੰਜਾਬ ਦਾ।
ਭਾਰਤ ਹੈ ਜੇ ਸ਼ਰਾਬ, ਇਹ ਨਸ਼ਾ ਸ਼ਰਾਬ ਦਾ।

ਉਹਨਾਂ ਦਾ ਲਿਖਿਆ ਬਹੁਤ ਹੀ ਪਿਆਰਾ ਇਕ ਸਵਾਗਤੀ ਗੀਤ ਜੋ ਆਮ ਤੌਰ ਤੇ ਵੱਡੀਆਂ ਸ਼ਖ਼ਸੀਅਤਾਂ ਦੇ ਸਵਾਗਤ ਲਈ ਸਟੇਜਾਂ ਤੇ ਆਮ ਗਾਇਆ ਜਾਂਦਾ ਹੈ। ਉਸ ਗੀਤ ਦੇ ਮਿੱਠੇ ਬੋਲ ਇਸ ਤਰ੍ਹਾਂ ਹਨ:

ਨੀ ਅੱਜ ਕੋਈ ਆਇਆ ਸਾਡੇ ਵਿਹੜੇ।
ਤੱਕਣ ਚੰਨ ਸੂਰਜ, ਢੁੱਕ-ਢੁੱਕ ਨੇੜੇ।
ਲੱਸੇ ਨੀ ਉਹਦਾ ਮੱਥਾ, ਤਾਰਿਆਂ ਵਾਂਗੂੰ।
ਆਇਆ ਨੀ ਖੌਰੇ, ਅੰਬਰ ਘੁੰਮ-ਘੁੰਮ ਕਿਹੜੇ।

'ਸਿੱਖੀ ਦਾ ਬੂਟਾ' ਕਵਿਤਾ ਵਿਚ ਉਹ ਸਿੱਖੀ ਦੀ ਪਰਿਭਾਸ਼ਾ ਦੱਸਦੇ ਹਨ ਤੇ ਪਾਠਕ ਨੂੰ ਬੜਾ ਭਾਵੁਕ ਕਰ ਜਾਂਦੇ ਹਨ:

ਉਹ ਕਿਹੜਾ ਬੂਟਾ ਏ, ਹਰ ਥਾਂ ਜੋ ਪਲਦਾ ਏ।
ਸਿੱਖੀ ਦਾ ਬੂਟਾ ਏ, ਹਰ ਥਾਂ ਜੋ ਪਲਦਾ ਏ।
ਰੰਬੀ ਦੀਆਂ ਧਾਰਾਂ ਤੇ, ਆਰੇ ਦੇ ਦੰਦਿਆਂ ਤੇ।
ਜਿੱਥੇ ਵੀ ਲਾ ਦਈਏ, ਜਿੰਨਾ ਵੀ ਛਾਂਗ ਦਈਏ।
ਉਨਾ ਹੀ ਪਲਦਾ ਏ, ਸਿੱਖੀ ਦਾ ਬੂਟਾ ਏ,
ਜੋ ਹਰ ਥਾਂ ਪਲਦਾ ਏ।

'ਮਾਂ' ਕਵਿਤਾ ਵਿਚ ਮਾਂ ਦੀ ਮਮਤਾ ਨੂੰ ਤੇ ਉਸ ਦੀ ਮਹਾਨਤਾ ਨੂੰ ਰੱਬ ਦਾ ਸਵਰਗ ਦੱਸਦੇ ਹਨ:

ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਇਆ।
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਮੁਰਝਾਂਦੇ।
ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁੱਕ ਜਾਵੇ।

'ਦੋ ਟੋਟਿਆਂ ਵਿਚ ਭੌਂ ਟੁੱਟੀ' ਕਵਿਤਾ ਵਿਚ ਅਮੀਰ ਤੇ ਗਰੀਬ ਦੇ ਪਾੜੇ ਦੀ ਗੱਲ ਕੀਤੀ ਹੈ। ਇਹ ਇਕ ਸਮਾਜਵਾਦੀ ਨਜ਼ਰੀਆ ਹੈ:

ਦੋ ਟੋਟਿਆਂ ਵਿਚ ਭੌਂ ਟੁੱਟੀ,
ਇਕ ਮਹਿਲਾਂ ਦਾ ਇਕ ਢੋਕਾਂ ਦਾ।
ਦੋ ਧੜਿਆਂ ਵਿਚ ਖਲਕਤ ਵੰਡੀ,
ਇਕ ਲੋਕਾਂ ਦਾ ਇਕ ਜੋਕਾਂ ਦਾ।

ਪ੍ਰੋ: ਮੋਹਨ ਸਿੰਘ ਜੀ ਦੀ 'ਤਾਜ ਮਹਿਲ' ਕਵਿਤਾ ਵਿਚ ਉਹ ਤਾਜ ਮਹਿਲ ਨੂੰ ਸੁੰਦਰਤਾ ਦਾ ਅਜੂਬਾ ਨਹੀਂ ਮੰਨਦੇ। ਤਾਜ ਮਹਿਲ ਨੂੰ ਬਣਾਉਂਦੇ ਸਮੇਂ ਪ੍ਰਸ਼ਾਸਨ ਨੇ ਗਰੀਬ ਮਜ਼ਦੂਰਾਂ ਪਾਸੋਂ ਛੈਂਟੇ ਮਾਰ-ਮਾਰ ਕੇ ਮਜ਼ਦੂਰੀ ਜਬਰਦਸਤੀ ਕਰਵਾਈ ਸੀ। ਇਸ ਤਰ੍ਹਾਂ ਦੇ ਬਣਾਏ ਗਏ ਸੁੰਦਰ ਅਜੂਬੇ ਨੂੰ ਉਹ ਲੋਕਾਂ ਨਾਲ ਛੱਲ ਦੱਸਦੇ ਹਨ ਜਿਸ ਨੂੰ ਗਰੀਬਾਂ ਦੇ ਹੰਝੂਆਂ ਤੇ ਲੋਕਾਂ ਦੇ ਪਿੰਡਿਆਂ ਤੇ ਛੈਂਟਿਆਂ ਨਾਲ ਪਾਈਆਂ ਗਈਆਂ ਲਾਸਾਂ ਦੇ ਸਹਾਰੇ ਬਣਾਇਆ ਗਿਆ ਹੋਵੇ:

ਕੀ ਤੂੰ ਹੁਸਨ-ਰੁਸਨ ਹੈ ਸੱਚਮੁਚ ਜਾਂ ਉਂਏ ਹੀ ਛੱਲਦਾ।
ਲੱਖ ਗਰੀਬ ਮਜ਼ਦੂਰਾਂ ਦੇ ਹੰਝੂਆਂ ਤੇ ਜੋ ਪਲਦਾ।

ਆਪਣੀ ਬਹੁਤ ਹੀ ਮਸ਼ਹੂਰ ਕਵਿਤਾ 'ਰੱਬ' ਵਿਚ ਮਾਨਵਤਾ ਨੂੰ ਉਹ ਇਹੀ ਸੰਦੇਸ਼ ਦਿੰਦੇ ਹਨ ਕਿ ਰੱਬ ਇਕ ਗੁੰਝਲਦਾਰ ਬੁਝਾਰਤ ਹੈ। ਇਹ ਨਾ ਖਤਮ ਹੋਣ ਵਾਲਾ ਇਕ ਗੋਰਖ ਧੰਦਾ ਹੈ। ਉਹ ਰੱਬ ਦਾ ਜਾਪ ਕਰਨ ਵਾਲੇ ਇਨਸਾਨ ਨੂੰ ਲਾਈ ਲੱਗ ਆਖਦੇ ਹਨ ਤੇ ਇਸ ਦੇ ਮੁਕਾਬਲੇ ਵਿਚ ਨਾਸਤਕ ਨੂੰ ਚੰਗਾ ਇਨਸਾਨ ਕਹਿੰਦੇ ਹਨ ਕਿਉਂਕਿ ਉਹ ਤਰਕ ਦੇ ਆਧਾਰ ਤੇ ਪ੍ਰਗਤੀਵਾਦੀ ਬਣ ਜਾਂਦਾ ਹੈ, ਕਿਉਂਕਿ ਉਹ ਇਕ ਖੋਜੀ ਇਨਸਾਨ ਹੁੰਦਾ ਹੈ:

ਰੱਬ ਇਕ ਗੁੰਝਲਦਾਰ ਬੁਝਾਰਤ,
ਰੱਬ ਇਕ ਗੋਰਖ ਧੰਦਾ।
ਖੋਲ੍ਹਣ ਲੱਗਿਆਂ ਪੇਚ ਏਸ ਦੇ,
ਕਾਫ਼ਰ ਹੋ ਜਾਏ ਬੰਦਾ।
ਕਾਫ਼ਰ ਹੋਣੋਂ ਡਰ ਕੇ ਜੀਵੀਂ,
ਖੋਜੋਂ ਮੂਲ ਨਾ ਖੁੰਝੀ।
ਲਾਈ ਲੱਗ ਮੋਮਨ ਨਾਲੋਂ,
ਖੋਜੀ ਕਾਫ਼ਰ ਚੰਗਾ।

ਇਸ ਉਕਤ ਚਰਚਾ ਤੋਂ ਇਹ ਗੱਲ ਬੜੀ ਸਪਸ਼ਟ ਨਜ਼ਰ ਆਉਂਦੀ ਹੈ ਕਿ ਪ੍ਰੋ: ਮੋਹਨ ਸਿੰਘ ਜੀ ਦੀ ਕਵਿਤਾ ਵਿਚ ਜੀਵਨ ਦਾ ਹਰ ਰੰਗ ਮਿਲਦਾ ਹੈ। ਉਹ ਆਪਣੀ ਕਵਿਤਾ ਦੇ ਆਰੰਭਕ ਦੌਰ ਵਿਚ ਆਪਣੀਆਂ ਨਿੱਜੀ ਪੀੜਾਂ ਨੂੰ ਅਭਿਵਿਅਕਤ ਕਰਦਾ ਹੋਇਆ ਰੋਮਾਂਟਿਕ ਕਵੀ ਦਾ ਪ੍ਰਭਾਵ ਦਿੰਦਾ ਹੈ। ਫਿਰ ਆਪਣੇ ਬੌਧਿਕ ਵਿਕਾਸ ਨਾਲ ਸਮਾਜਵਾਦੀ ਯਥਾਰਥਵਾਦੀ ਪ੍ਰਭਾਵ ਗ੍ਰਹਿਣ ਕਰਕੇ ਵਿਗਿਆਨਕ ਸੋਚ ਵਾਲਾ ਤਰਕਵਾਦੀ ਤੇ ਬੌਧਿਕ ਲਿਖਾਰੀ ਬਣ ਜਾਂਦਾ ਹੈ। ਇਹੀ ਆਰੰਭ ਤੋਂ ਲੈ ਕੇ ਅਖੀਰ ਤੱਕ ਉਹਨਾਂ ਦੀ ਕਵਿਤਾ ਦਾ ਪ੍ਰਗਤੀਵਾਦੀ ਸਫਰ ਹੈ ਜੋ ਮਾਨਵਤਾ ਨੂੰ ਸਮਾਜਵਾਦ ਦਾ ਸੁਨੇਹਾ ਦਿੰਦੀ ਹੈ।

**ਪ੍ਰੋ: ਮੋਹਨ ਸਿੰਘ ਮੇਲਾ (ਲੁਧਿਆਣਾ):-**

ਪੰਜਾਬ ਦੀ ਧਰਤੀ ਗੁਰੂਆਂ ਪੀਰਾਂ ਦੀ ਧਰਤੀ ਤਾਂ ਹੈ ਹੀ, ਪਰ ਇਸ ਦੇ ਨਾਲ ਹੀ ਇਹ ਧਰਤੀ ਵੱਡੇ-ਵੱਡੇ ਮੇਲਿਆਂ ਨਾਲ ਵੀ ਬੜੀ ਪ੍ਰਸਿੱਧ ਹੈ। ਇੱਥੇ ਮੇਲਿਆਂ ਦੀ ਗਿਣਤੀ ਤਾਂ ਬਹੁਤ ਹੈ ਪਰ ਜੋ ਇਤਿਹਾਸਕ ਬਣ ਗਏ ਹਨ, ਉਹਨਾਂ ਦੀ ਗਿਣਤੀ ਸੱਤ ਦੇ ਕਰੀਬ ਹੈ। ਇਹਨਾਂ ਮੇਲਿਆਂ ਤੇ ਲੱਖਾਂ ਲੋਕਾਂ ਦੀ ਭੀੜ ਹਰ ਸਾਲ ਜੁੜਦੀ ਹੈ। ਇਹਨਾਂ ਮੇਲਿਆਂ ਦਾ ਨਾਂ ਹੈ: ਛਪਾਰ ਦਾ ਮੇਲਾ, ਹਰਬਲਭ ਸੰਗੀਤ ਸੰਮੇਲਨ (ਜਲੰਧਰ), ਮੇਲਾ ਬਾਬਾ ਸੋਢਲ (ਜਲੰਧਰ), ਜਰਗ ਦਾ ਸ਼ਹੀਦੀ ਜੋੜ ਮੇਲਾ, ਸ਼ਹੀਦੀ ਜੋੜ ਮੇਲਾ ਮੁਕਤਸਰ ਸਾਹਿਬ, ਪ੍ਰੋ: ਮੋਹਨ ਸਿੰਘ ਮੇਲਾ, ਸ਼ਹੀਦੀ ਜੋੜ ਮੇਲਾ ਫਤਿਹਗੜ੍ਹ ਸਾਹਿਬ ਆਦਿਕ।

ਪ੍ਰੋ: ਮੋਹਨ ਸਿੰਘ ਮੇਲਾ 'ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ' ਵੱਲੋਂ ਜਿਸ ਦੇ ਬਾਨੀ ਚੇਅਰਮੈਨ ਸਤਿਕਾਰਯੋਗ ਸਰਦਾਰ ਜਗਦੇਵ ਸਿੰਘ ਜੱਸੋਵਾਲ ਤੇ ਹੋਰ ਕਮੇਟੀ ਮੈਂਬਰਾਂ ਵੱਲੋਂ ਹਰ ਸਾਲ ਪੰਜਾਬ ਦੇ ਮਹਾਨ ਸਪੂਤ, ਨਵੀਨ ਪੰਜਾਬੀ ਕਵਿਤਾ ਦੇ ਮਹਾਨ ਕਵੀ ਪ੍ਰੋ: ਮੋਹਨ ਸਿੰਘ ਜੀ ਦੀ ਯਾਦ ਵਿਚ ਉਹਨਾਂ ਦੇ 20 ਅਕਤੂਬਰ ਨੂੰ ਜਨਮ ਦਿਨ 'ਤੇ ਮਨਾਇਆ ਜਾਂਦਾ ਹੈ। ਇਸ ਵਾਰ ਵੀ ਪੰਜਾਬ ਵਿਚ ਲੁਧਿਆਣਾ ਦੇ 'ਪੰਜਾਬੀ ਭਵਨ' ਦੇ ਰੰਗ-ਮੰਚ ਤੇ ਹਰ ਸਾਲ ਦੀ ਤਰ੍ਹਾਂ 19 ਤੇ 20 ਅਕਤੂਬਰ, 2014 ਨੂੰ ਮਨਾਇਆ ਜਾ ਰਿਹਾ ਹੈ ਤੇ ਇਸ ਦੇ ਨਾਲ ਹੀ ਅਮਰੀਕਾ ਦੀ ਧਰਤੀ 'ਤੇ ਕੈਲੀਫੋਰਨੀਆ ਸਟੇਟ ਦੇ ਸ਼ਹਿਰ ਲੈਥਰੋਪ ਵਿਖੇ ਪਹਿਲੀ ਵਾਰ ਕਿਸੇ ਵਿਦੇਸ਼ੀ ਧਰਤੀ ਤੇ ਮਿਤੀ 4 ਤੇ 5 ਅਕਤੂਬਰ 2014 ਨੂੰ ਵੀ ਉਹਨਾਂ ਦੀ ਯਾਦ ਵਿਚ 36ਵਾਂ ਸਭਿਆਚਾਰਕ ਮੇਲਾ ਮਨਾਇਆ ਗਿਆ।

ਪ੍ਰੋ: ਮੋਹਨ ਸਿੰਘ ਜੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਅਜਿਹੇ ਹੀਰੇ ਹਨ, ਜਿਹਨਾਂ ਦੀ ਨਵੀਨ ਪੰਜਾਬੀ ਕਵਿਤਾ ਇਕ ਧਰੂ ਤਾਰੇ ਵਾਂਗ ਚਮਕਦੀ ਤੇ ਆਪਣੀ ਅਲੱਗ ਹੀ ਪਛਾਣ ਰੱਖਦੀ ਹੈ। ਉਹਨਾਂ ਦੇ ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਅਜਿਹੇ ਮੀਲ ਪੱਥਰ ਹਨ, ਜਿਹੜੇ ਲਿਖਾਰੀਆਂ ਤੇ ਪਾਠਕਾਂ ਲਈ ਕਈ ਪੀੜ੍ਹੀਆਂ ਤੱਕ ਮਾਰਗ ਦਰਸ਼ਕ ਬਣੇ ਰਹਿਣਗੇ। ਪੰਜਾਬ ਵਿਚ ਪ੍ਰੋ: ਮੋਹਨ ਸਿੰਘ ਜੀ ਦੇ ਮੇਲੇ ਤੋਂ ਇਲਾਵਾ ਹੋਰ ਵੀ ਕਈ ਮੇਲੇ ਲੱਗਦੇ ਹਨ ਪਰ ਪ੍ਰੋ: ਮੋਹਨ ਸਿੰਘ ਮੇਲਾ ਇਕ ਆਦਰਸ਼ਕ ਤੇ ਵੱਖਰੀ ਪਛਾਣ ਰੱਖਣ ਵਾਲਾ ਮੇਲਾ ਹੈ, ਜਿਸ ਦਾ ਰੰਗ ਰੂਪ ਤੇ ਸੰਦੇਸ਼ ਦੂਸਰੇ ਮੇਲਿਆਂ ਨਾਲੋਂ ਆਪਣੀ ਅਹਿਮੀਅਤ ਵੱਖਰੀ ਰੱਖਦਾ ਹੈ। ਇਸ ਦੀ ਗੂੰਜ, ਉਤਸ਼ਾਹ, ਇਸ ਦੇ ਮਨਮੋਹਕ ਦ੍ਰਿਸ਼ ਤੇ ਪੰਜਾਬੀ ਭਾਈਚਾਰੇ ਨੂੰ ਜਾਂਦਾ ਸੰਦੇਸ਼ ਦੂਸਰੇ ਮੇਲਿਆਂ ਨਾਲੋਂ ਆਪਣੀ

(ਬਾਕੀ ਅਗਲੇ ਸਫ਼ੇ ਤੇ)

# ਪਿਛਲੇ ਦਿਨੀਂ ਪ੍ਰੋ.ਮੋਹਨ ਸਿੰਘ ਦੀ ਯਾਦ ਵਿਚ ਹੋਏ ਮੇਲੇ ਦੀਆਂ ਕੁਝ ਝਲਕੀਆਂ














ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

ਵੱਖਰੀ ਹਸਤੀ ਰੱਖਦਾ ਹੈ।

ਪ੍ਰੋ: ਮੋਹਨ ਸਿੰਘ ਜੀ ਦਾ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਵੀਨ ਪੰਜਾਬੀ ਕਵਿਤਾ ਦੇ ਮੋਢੀ ਤੇ ਮਹਾਨ ਕਵੀ ਹੋਣ ਕਰਕੇ ਆਪਣਾ ਇਕ ਵੱਖਰਾ ਸਥਾਨ ਹੈ। ਉਹਨਾਂ ਦੀ ਪਹਿਲੀ ਕਾਵਿ ਪੁਸਤਕ 'ਸਾਵੇ ਪੱਤਰ' ਪਹਿਲੇ ਆਡੀਸ਼ਨ ਵਿਚ ਹੀ ਇਕ ਲੱਖ ਕਾਪੀ ਤੋਂ ਉਪਰ ਵਿਕ ਗਈ ਸੀ। ਇਹ ਆਪਣੇ ਆਪ ਵਿਚ ਇਕ ਰਿਕਾਰਡ ਹੈ ਜੋ ਵਾਰਸ ਸ਼ਾਹ ਦੀ 'ਹੀਰ' ਦੀ ਵੱਧ ਵਿੱਕਰੀ ਤੋਂ ਬਾਅਦ ਦੂਸਰੇ ਨੰਬਰ ਤੇ ਆਉਂਦਾ ਹੈ।

ਇਸ ਮੇਲੇ ਵਿਚ ਹਿੰਦੁਸਤਾਨ ਭਰ ਤੋਂ ਮਸ਼ਹੂਰ ਸਾਹਿਤਕ ਸ਼ਖਸੀਅਤਾਂ ਨੂੰ ਸੱਦੇ ਪੱਤਰ ਭੇਜ ਕੇ ਉਹਨਾਂ ਦੇ ਸਾਹਿਤਕ ਖੇਤਰ ਵਿਚ ਪਾਏ ਯੋਗਦਾਨ ਬਦਲੇ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਇਹ ਸ਼ਖਸੀਅਤਾਂ ਆਪਣੇ ਕਲਾਮਾਂ ਦੀ ਪੇਸ਼ਕਾਰੀ ਨਾਲ ਮੇਲੇ ਨੂੰ ਹੋਰ ਚਾਰ ਚੰਨ ਲਾਉਂਦੀਆਂ ਹਨ। ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਇਹ ਸ਼ਖਸੀਅਤਾਂ ਨਵੇਂ ਦਿਸਹੱਦੇ ਦਿਖਾਉਂਦੀਆਂ ਹਨ ਤੇ ਇਸ ਨਾਲ ਮੇਲੇ ਦੀ ਸਾਰਥਕਤਾ ਹੋਰ ਵਧਦੀ ਹੈ।

1978 ਵਿਚ ਪ੍ਰੋ: ਮੋਹਨ ਸਿੰਘ ਜੀ ਦੀ ਮੌਤ ਤੋਂ ਬਾਅਦ ਹਰ ਸਾਲ ਇਹ ਮੇਲਾ ਜਿਹੜਾ ਕਿ ਹੁਣ ਇਸ ਸਾਲ 36ਵੇਂ ਸਾਲ ਵਿਚ ਦਾਖਲ ਹੋ ਗਿਆ, ਬੜੀ ਧੂੰਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਮੇਲੇ ਦੀ ਪ੍ਰਸਿੱਧਤਾ ਤੇ ਕਾਮਯਾਬੀ ਪਿੱਛੇ ਸਤਿਕਾਰਯੋਗ ਸਰਦਾਰ ਜਗਦੇਵ ਸਿੰਘ ਜੱਸੋਵਾਲ ਤੇ ਉਹਨਾਂ ਦੇ ਸਾਥੀ ਜੋ 'ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਰਜਿਸਟਰਡ' ਦੇ ਮੈਂਬਰ ਹਨ, ਉਹ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੇ ਹਨ। ਇਸੇ ਲਈ ਹੀ ਇਹ ਮੇਲਾ ਦਿਨ ਦੂਣੀ ਤੇ ਰਾਤ ਚੌਗਣੀ ਬੁਲੰਦੀਆਂ ਤੇ ਪਹੁੰਚ ਗਿਆ। ਇਸ ਮੇਲੇ ਵਿਚ ਲੱਖਾਂ ਦੀ ਭੀੜ ਇਕੱਠੀ ਹੁੰਦੀ ਹੈ। ਇਸ ਵਿਚ ਆਮ ਲੋਕ, ਪ੍ਰੋ: ਮੋਹਨ ਸਿੰਘ ਜੀ ਦੀ ਕਵਿਤਾ ਦੇ ਸ਼ੁਦਾਈ ਹੋਏ ਲੋਕ ਤੇ ਉਹਨਾਂ ਦੇ ਪ੍ਰਸ਼ੰਸਕ, ਸਾਹਿਤਕ ਸ਼ਖਸੀਅਤਾਂ, ਗੀਤ-ਸੰਗੀਤ ਦੇ ਕਲਾਕਾਰ, ਨੱਚਣ ਵਾਲੀਆਂ, ਭੰਗੜੇ ਤੇ ਗਿੱਧੇ ਦੀਆਂ ਟੀਮਾਂ, ਸਮਾਜ ਸੇਵਕ, ਕਈ ਪ੍ਰਕਾਰ ਦੀਆਂ ਕਲਾ ਕ੍ਰਿਤਾਂ ਸਿਰਜਣ ਵਾਲੇ ਜਿਹਨਾਂ ਦੀ ਜਿਸ ਵੀ ਖੇਤਰ ਵਿਚ ਮੁਹਾਰਤ ਹੁੰਦੀ ਹੈ, ਤੇ ਇਸ ਤੋਂ ਇਲਾਵਾ ਰਾਜਨੀਤਿਕ ਸ਼ਖਸੀਅਤਾਂ ਵੀ ਆਪਣੀ ਹਾਜ਼ਰੀ ਲਵਾਉਂਦੀਆਂ ਹਨ। ਇਸ ਮੇਲੇ ਦੀ ਖਾਸ ਮਹਾਨਤਾ ਇਹੀ ਹੈ ਕਿ ਇਹ ਪੰਜਾਬੀ ਕਲਚਰ, ਪੰਜਾਬੀ ਭਾਸ਼ਾ ਨੂੰ ਉਨਤ ਕਰਨ, ਪੰਜਾਬ ਦੇ ਨੌਜਵਾਨਾਂ ਵਿਚ ਸਾਹਿਤ ਰਚਨਾ ਕਰਨ ਦੀ ਚਿਣਗ ਲਾਉਣਾ ਤੇ ਪੰਜਾਬੀ ਕਲਚਰ ਤੇ ਸਭਿਆਚਾਰ ਨੂੰ ਜਿੰਦਾ ਰੱਖਦਾ ਹੈ।

ਮੇਲੇ ਦਾ ਹਰ ਤਰ੍ਹਾਂ ਦਾ ਪ੍ਰਬੰਧ 'ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਰਜਿਸਟਰਡ' ਹੀ ਕਰਦੀ ਹੈ। ਮੇਲੇ ਦੀ ਸ਼ੁਰੂਆਤ ਸਵੇਰ ਵੇਲੇ ਸਿਰ ਪ੍ਰੋ: ਮੋਹਨ ਸਿੰਘ ਜੀ ਦੇ ਲੁਧਿਆਣਾ ਆਰਤੀ ਸਿਨੇਮਾ ਦੇ ਨੇੜੇ ਚੌਂਕ ਵਿਚ ਬਣੇ ਬੁੱਤ ਤੇ ਫੁੱਲਾਂ ਦੇ ਹਾਰ ਪਾ ਕੇ ਕੀਤੀ ਜਾਂਦੀ ਹੈ। ਇਹਨਾਂ ਦਾ ਘਰ ਵੀ ਇਸ ਚੌਂਕ ਦੇ ਨਜ਼ਦੀਕ ਹੀ ਹੈ। ਉਹਨਾਂ ਦੇ ਘਰ ਤੋਂ ਹੀ ਮੁੱਖ ਸ਼ਖਸੀਅਤਾਂ ਤੇ ਉਹਨਾਂ ਦੇ ਚਹੇਤੇ ਇਕ ਜਲੂਸ ਦੀ ਸ਼ਕਲ ਵਿਚ ਇਸ ਚੌਂਕ ਤੱਕ ਜਾਂਦੇ ਹਨ ਤੇ ਫੁੱਲਾਂ ਦੇ ਹਾਰ ਪਾ ਕੇ ਉਹਨਾਂ ਨੂੰ ਆਪਣੇ ਸ਼ਰਧਾ ਸੁੰਮਨ ਬੜੇ ਸਤਿਕਾਰ ਸਹਿਤ ਭੇਟ ਕਰਦੇ ਹਨ। ਇਸ ਤੋਂ ਬਾਅਦ ਇਹ ਇਕੱਠ ਇਕ ਜਲੂਸ ਦੀ ਹੀ ਸ਼ਕਲ ਵਿਚ ਲੁਧਿਆਣਾ ਵਿਖੇ ਬਣੇ 'ਪੰਜਾਬੀ ਭਵਨ' ਦੇ ਰੰਗਮੰਚ ਤੇ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਇਹ ਮੇਲਾ ਸ਼ੁਰੂ ਹੋ ਜਾਂਦਾ ਹੈ।

ਇੱਥੇ ਇਕੱਤਰ ਹੋਈ ਲੱਖਾਂ ਦੀ ਭੀੜ ਮੇਲੇ ਦਾ ਪੂਰਾ ਆਨੰਦ ਮਾਣਦੀ ਹੈ। ਸਭਿਆਚਾਰਕ ਪ੍ਰੋਗਰਾਮਾਂ ਤੇ ਗੀਤ ਸੰਗੀਤ ਦਾ ਹੜ੍ਹ ਆ ਜਾਂਦਾ ਹੈ। ਲੋਕ ਮੇਲੇ ਵਿਚ ਰੰਗ-ਬਿਰੰਗੇ ਪ੍ਰਦਰਸ਼ਨ ਦੇਖ ਕੇ ਖੁਸ਼ ਹੋ ਜਾਂਦੇ ਹਨ। ਇੱਥੇ ਲਿਖਾਰੀ ਤੇ ਕਵੀ ਜੋ ਪੰਜਾਬ ਤੋਂ ਤੇ ਹੋਰ ਬਾਹਰਲੇ ਸੂਬਿਆਂ ਤੋਂ ਆਏ ਹੁੰਦੇ ਹਨ, ਪ੍ਰੋ: ਮੋਹਨ ਸਿੰਘ ਜੀ ਦੀਆਂ ਰਚਨਾਵਾਂ ਗਾ ਕੇ ਸੁਣ-ਾਉਂਦੇ ਹਨ। ਇਸ ਮੇਲੇ ਵਿਚ ਆਏ ਕਲਾਕਾਰਾਂ ਤੇ ਸਾਹਿਤਕਾਰਾਂ ਨੂੰ ਉਤਸ਼-ਾਹਿਤ ਕਰਨ ਲਈ ਉਹਨਾਂ ਦੇ ਆਪਣੇ ਆਪਣੇ ਖੇਤਰ ਵਿਚ ਪਾਏ ਯੋਗਦਾਨ ਬਦਲੇ, ਇਸ ਵਿਸ਼ਾਲ ਇਕੱਠ ਵਿਚ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਇਹਨਾਂ ਪੁਰਸਕਾਰਾਂ ਦੇ ਨਾਮ ਹਨ: ਜੀਵਨ ਦਾਨੀ ਪੁਰਸਕਾਰ, ਲੋਕ ਕਲਾਵਾਂ ਪੁਰਸਕਾਰ, ਗ਼ਜ਼ਲ ਬਾਦਸ਼ਾਹ ਪੁਰਸਕਾਰ, ਸੁਰ ਸਹਿਜਾਦਾ ਪੁਰਸਕਾਰ, ਸ਼ਰਵਨ ਪੁੱਤਰਾ ਪੁਰਸਕਾਰ ਅਤੇ ਸੰਗੀਤ ਸਮਰਾਟ ਪੁਰਸਕਾਰ ਆਦਿ ਹਨ।

ਇੱਥੇ ਸ਼ਾਮ ਨੂੰ ਵੀ ਬਹੁਤ ਵਧੀਆ ਮਨੋਰੰਜਨ ਤੇ ਸਭਿਆਚਾਰਕ ਪ੍ਰੋਗਰਾਮ ਹੁੰਦਾ ਹੈ। ਇੱਥੇ ਇਕ ਨੁਮਾਇਸ਼ ਵੀ ਲੱਗਦੀ ਹੈ। ਜਿਸ ਵਿਚ ਵੱਖ-ਵੱਖ ਤਰ੍ਹਾਂ ਦੇ ਬਰਤਨ, ਕੱਪੜੇ, ਪੇਂਟਿੰਗਜ਼ ਤੇ ਹੱਥ ਕਲਾ ਦੀਆਂ ਬਣੀਆਂ ਹੋਈਆਂ ਚੀਜ਼ਾਂ ਰੱਖੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਇਸ ਮੇਲੇ ਵਿਚ ਪ੍ਰੋ: ਮੋਹਨ ਸਿੰਘ ਜੀ ਦੀਆਂ ਰਚਨਾਵਾਂ ਦੀਆਂ ਪੁਸਤਕਾਂ, ਪੰਜਾਬੀ ਦੇ ਹੋਰ ਮਸ਼ਹੂਰ ਲਿਖਾਰੀਆਂ ਦੀਆਂ ਪੁਸਤਕਾਂ ਤੇ ਪੰਜਾਬ ਤੋਂ ਬਾਹਰਲੇ ਸਾਹਿਤਕਾਰਾਂ ਦੀਆਂ ਰਚਨਾਵਾਂ ਦੀਆਂ ਪੁਸਤਕਾਂ ਵਿੱਕਰੀ ਲਈ ਰੱਖੀਆਂ ਜਾਂਦੀਆਂ ਹਨ। ਹੱਥ ਦੀਆਂ ਬਣੀਆਂ ਕਲਾਕ੍ਰਿਤਾਂ, ਮਹਾਨ ਲਿਖਾਰੀਆਂ ਤੇ ਸ਼ਖਸੀਅਤਾਂ ਦੀਆਂ ਤਸਵੀਰਾਂ ਵੀ ਰੱਖੀਆਂ ਜਾਂਦੀਆਂ ਹਨ। ਵਿੱਕਰੀ ਲਈ ਸ਼ੋਅ ਕੇਸ ਵਿਚ ਪ੍ਰੋ: ਮੋਹਨ ਸਿੰਘ ਜੀ ਤੇ ਹੋਰ ਮਹਾਨ ਲਿਖਾਰੀਆਂ ਦੇ ਬੁੱਤ ਵੀ ਰੱਖੇ ਜਾਂਦੇ ਹਨ। ਲੋਕ ਖੂਬ ਖਰੀਦਦਾਰੀ ਕਰਦੇ ਹਨ। ਇਸ ਮੇਲੇ ਦਾ ਦਿਲਚਸਪ ਤੇ ਖਾਸ ਰੰਗ ਢੰਗ ਇਹ ਹੁੰਦਾ ਹੈ ਕਿ ਇੱਥੇ ਹਰ ਕਲਾ ਕ੍ਰਿਤ ਨੂੰ ਇਸ ਤਰੀਕੇ ਨਾਲ ਸਜਾਇਆ ਜਾਂਦਾ ਹੈ ਜਿਸ ਵਿਚੋਂ ਪੰਜਾਬੀ ਸਭਿਆਚਾਰ ਦੀ ਮੂੰਹੋਂ ਬੋਲਦੀ ਤਸਵੀਰ ਨਜ਼ਰ ਆਉਂਦੀ ਹੈ। ਇਸ ਨੁਮਾਇਸ਼ ਵਿਚ ਪੰਜਾਬ ਦੀ ਹਰਿਆਵਲ, ਦਰਿਆਵਾਂ ਦੇ ਨੀਲੇ ਪਾਣੀ ਦੀਆਂ ਛਲਕਾਂ, ਦਰਿਆਵਾਂ ਦੇ ਚਮਕਦੇ ਰੇਤਲੇ ਕਿਨਾਰੇ ਤੇ ਦੁਲਹਨ ਦੀ ਤਰ੍ਹਾਂ ਸਜਾਈਆਂ ਪੰਜਾਬੀ ਮੁਟਿਆਰਾਂ ਦੇ ਬੁੱਤ ਮਨ ਨੂੰ ਮੋਹ ਲੈਣ ਵਾਲੇ ਹੁੰਦੇ ਹਨ। ਇਸ ਤਰ੍ਹਾਂ ਦੂਸਰੇ ਦਿਨ ਆਪਣੀਆਂ ਯਾਦਾਂ ਛੱਡਦਾ ਹੋਇਆ ਤੇ ਅਗਲੇ ਸਾਲ ਮਿਲਾਂਗੇ ਦੇ ਉਤਸ਼ਾਹ ਨੂੰ ਵਧਾਉਂਦਾ ਹੋਇਆ ਇਹ ਮੇਲਾ ਸਮਾਪਤ ਹੋ ਜਾਂਦਾ ਹੈ।

### ਕੈਲੇਫੋਰਨੀਆ (ਯੂ. ਐਸ ਏ.) ਵਿਚ ਪ੍ਰੋ: ਮੋਹਨ ਸਿੰਘ ਮੇਲਾ:

ਪਿਆਰੇ ਪਾਠਕ ਸਾਥੀਓ! ਇਹ ਪ੍ਰਵਾਸੀ ਪੰਜਾਬੀਆਂ ਲਈ ਬੜੇ ਮਾਣ ਤੇ ਫਖਰ ਵਾਲੀ ਗੱਲ ਹੈ ਕਿ ਪਹਿਲੀ ਵਾਰ ਪੰਜਾਬ ਦੀ ਤਰਜ਼ 'ਤੇ 'ਪ੍ਰੋ: ਮੋਹਨ ਸਿੰਘ ਫਾਊਂਡੇਸ਼ਨ ਰਜਿਸਟਰਡ ਯੂ. ਐਸ. ਏ.' ਵੱਲੋਂ ਕੈਲੇਫੋਰਨੀਆ ਦੇ ਸ਼ਹਿਰ 'ਲੈਥਰੋਪ' ਵਿਖੇ ਹਾਈ ਸਕੂਲ ਵਿਚ 36ਵਾਂ ਪ੍ਰੋ: ਮੋਹਨ ਸਿੰਘ ਯਾਦਗਾਰੀ ਅੰਤਰ ਰਾਸ਼ਟਰੀ ਪੰਜਾਬੀ ਪਰਿਵਾਰਕ ਮੇਲਾ ਮਿਤੀ 4 ਅਤੇ 5 ਅਕਤੂਬਰ 2014 ਨੂੰ ਕਰਵਾਇਆ ਗਿਆ। ਇਸ ਮੇਲੇ ਵਿਚ ਪੰਜਾਬੀ ਸਭਿਆਚਾਰਕ ਮੇਲਿਆਂ ਦੇ ਬਾਬਾ ਬੋਹੜ ਸ੍ਰੀਮਾਨ ਸਤਿਕਾਰਯੋਗ ਸਰਦਾਰ ਜਗਦੇਵ ਸਿੰਘ ਜੱਸੋਵਾਲ ਜੀ ਉਚੇਚੇ ਤੌਰ ਤੇ ਪ੍ਰਬੰਧਕਾਂ, ਦਰਸ਼ਕਾਂ ਤੇ ਪ੍ਰੋ: ਮੋਹਨ ਸਿੰਘ ਜੀ ਦੇ ਚਹੇਤੇ ਪਾਠਕਾਂ ਦਾ ਉਤਸ਼ਾਹ ਵਧਾਉਣ ਲਈ ਤੇ ਇਸ ਮੇਲੇ ਨੂੰ ਚਾਰ ਚੰਨ ਲਾਉਣ ਲਈ ਪਹੁੰਚੇ। ਇਸ ਮੇਲੇ ਵਿਚ ਕਵੀ ਦਰਬਾਰ, ਵੱਖ-ਵੱਖ ਖੇਡਾਂ ਦੇ ਮੁਕਾਬਲੇ, ਢਾਡੀ ਜਥੇ, ਗੀਤ ਸੰਗੀਤ ਦੇ ਚੋਟੀ ਦੇ ਕਲਾਕਾਰ, ਗਿੱਧਾ ਤੇ ਭੰਗੜਾ ਆਦਿ ਪੇਸ਼ ਕੀਤਾ। ਮੈਂ ਇਸ ਮੇਲੇ ਦੀ ਕਾਮਯਾਬੀ ਲਈ ਪ੍ਰਬੰਧਕ ਕਮੇਟੀ, ਪ੍ਰੋ: ਮੋਹਨ ਸਿੰਘ ਫਾਊਂਡੇਸ਼ਨ ਰਜਿਸਟਰਡ, ਯੂ. ਐਸ. ਏ. ਦਾ ਦਿਲੋਂ ਧੰਨਵਾਦੀ ਹਾਂ, ਜਿਹਨਾਂ ਨੇ ਪਹਿਲੀ ਵਾਰ ਇਸ ਮੇਲੇ ਦਾ ਅਮਰੀਕਾ ਦੀ ਧਰਤੀ 'ਤੇ ਉਪਰਾਲਾ ਕੀਤਾ। ਮੈਂ ਸਮੁੱਚੇ ਮੀਡੀਆ ਤੇ ਖਾਸ ਤੌਰ ਤੇ ਪੰਜਾਬ ਐਕਸਪ੍ਰੈਸ ਨਿਊਜ਼, ਚੜ੍ਹਦੀਕਲਾ, ਪੰਜਾਬ ਨਿਊਜ਼, ਸਾਂਝੀ ਸੋਚ, ਦੇਸ਼ ਦੁਆਬਾ ਤੇ ਅੰਮ੍ਰਿਤਸਰ ਟਾਈਮਜ਼ ਦਾ ਖਾਸ ਤੌਰ ਤੇ ਧੰਨਵਾਦੀ ਹਾਂ, ਜਿਹਨਾਂ ਨੇ ਅੱਜ ਤੱਕ ਇਸ ਮੇਲੇ ਦੀ ਇਸ਼ਤਿਹਾਰਬਾਜ਼ੀ ਕਰਕੇ ਇੱਡੇ ਵੱਡੇ ਇਕੱਠ ਹੋਣ ਦਾ ਉਪਰਾਲਾ ਵੀ ਕੀਤਾ। ਇਸ ਮੇਲੇ ਵਿਚ ਪੰਜਾਬ ਦੇ ਮਹਾਨ ਸਪੂਤ ਪ੍ਰੋ: ਮੋਹਨ ਸਿੰਘ ਜੀ ਦੀ ਮਹਾਨ ਸ਼ਖਸੀਅਤ ਨੂੰ ਉਜਾਗਰ ਕਰਕੇ ਨਵੀਂ ਪੀੜ੍ਹੀ ਨੂੰ ਪ੍ਰੇਰਨਾਦਾਇਕ ਸੰਦੇਸ਼ ਦਿੱਤਾ ਹੈ ਤੇ ਉਹਨਾਂ ਦੁਆਰਾ ਪੰਜਾਬੀ ਸਾਹਿਤ ਤੇ ਕਲਚਰ ਵਿਚ ਪਾਏ ਅਥਾਹ ਯੋਗਦਾਨ ਤੋਂ ਜਾਣੂ ਕਰਵਾਇਆ ਹੈ। ਮੇਰੀਆਂ ਸ਼ੁਭ ਇੱਛਾਵਾਂ ਹਨ ਕਿ ਇਸ ਮੇਲੇ ਦੀ ਲਾਟ ਵਿਦੇਸ਼ਾਂ ਵਿਚ ਹਮੇਸ਼ਾ ਬਲਦੀ ਰਹੇ ਤੇ ਹਰ ਸਾਲ ਆਉਣ ਵਾਲੀਆਂ ਸਾਡੀਆਂ ਨਸਲਾਂ ਨੂੰ ਰੁਸ਼ਨਾਂਦੀ ਰਹੇ।ਇਸ ਤਰ੍ਹਾਂ ਦੇ ਸਭਿਆਚਾਰਕ ਉਪਰਾਲਿਆਂ ਨਾਲ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਬੋਲਬਾਲਾ ਸਾਰੇ ਸੰਸਾਰ ਵਿਚ ਬਣਿਆ ਰਹਿ ਸਕੇਗਾ। ਇਹ ਮੇਲਾ ਲੁਧਿਆਣਾ ਵਿਖੇ ਮਨਾਏ ਜਾਂਦੇ ਮੇਲੇ ਦੀ ਯਾਦ ਤਾਜ਼ਾ ਕਰਵਾ ਗਿਆ। ਅੰਤ ਵਿਚ ਇਸ ਮੇਲੇ ਦੇ ਪ੍ਰਬੰਧਕਾਂ ਭਾਵ ਸਮੁੱਚੀ 'ਪ੍ਰੋ: ਮੋਹਨ ਸਿੰਘ ਫਾਊਂਡੇਸ਼ਨ ਰਜਿਸਟਰਡ ਯੂ. ਐਸ. ਏ.' ਤੇ ਮੀਡੀਆ ਨੂੰ ਲੱਖ-ਲੱਖ ਵਧਾਈ ਹੋਵੇ ਜੀ।

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ, ਸੈਕਰਾਮੈਂਟੋ ਵਲੋਂ ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਿਤ ਸਮਾਗਮ



100 ਵਰ੍ਹੇ ਪਹਿਲਾਂ ਕੈਨੇਡਾ ਤੋਂ ਕਾਮਾਗਾਟਾ ਮਾਰੂ ਜਹਾਜ਼ ਨੂੰ ਨਸਲੀ ਭਿੰਨ-ਭੇਦ, ਸਮਾਜਿਕ-ਆਰਥਿਕ ਵਿਤਕਰੇ ਤਹਿਤ ਵਾਪਿਸ ਮੋੜਨ ਦੀ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲੀ ਘਟਨਾ, ਬਜਬਜ ਘਾਟ ਕਲਕੱਤਾ ਦਾ ਸਾਕਾ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਧੁਰ ਅੰਦਰੋਂ ਹਿਲਾ ਕੇ ਰੱਖ ਦਿੰਦਾ ਹੈ। ਕਾਮਾਗਾਟਾ ਮਾਰੂ ਜਹਾਜ਼ ਨੂੰ ਗੈਰ-ਜਮਹੂਰੀ ਅਤੇ ਧੱਕੜ ਕਾਰਵਾਈ ਕਰਦਿਆਂ ਵੈਨਕੂਵਰ ਦੇ ਪਾਣੀਆਂ 'ਚੋਂ ਵਾਪਿਸ ਮੋੜਿਆ ਗਿਆ ਸੀ। ਅੱਜ ਵੀ ਦੁਨੀਆਂ ਭਰ ਵਿਚ ਕਈ ਜਹਾਜ਼ ਕਾਮਾਗਾਟਾ ਮਾਰੂ ਦੀ ਹੋਣੀ ਭੁਗਤ ਰਹੇ ਹਨ।

## ਪ੍ਰੋਗਰੈਸਿਵ ਆਰਟਸ ਐਸੋਸੀਏਸ਼ਨ ਆਫ ਅਲਬਰਟਾ ਵਲੋਂ ਕਾਮਾਗਾਟਾ ਮਾਰੂ ਮੁਸਾਫਰਾਂ ਦੀ ਤ੍ਰਾਸਦੀ ਨੂੰ ਬਿਆਨ ਕਰਦਾ ਨਾਟਕ

# "ਕਾਮਾਗਾਟਾ ਮਾਰੂ ਸਫਰ ਜਾਰੀ ਹੈ"

ਲੇਖਕ ਤੇ ਨਿਰਦੇਸ਼ਕ- ਦਵਿੰਦਰ ਦਮਨ

## 6 ਦਸੰਬਰ 2014, ਸਨਿਚਰਵਾਰ *(ਸਵੇਰੇ 11 ਤੋਂ ਸ਼ਾਮ 6 ਵਜੇ ਤੱਕ)*

ਸਥਾਨ: Cosumnes Oaks High School Performing Art Center
8350 Lotz Parkway, Elk Grove, CA

**ਸਮਾਗਮ ਦੇ ਬੁਲਾਰੇ**
ਡਾ. ਗੁਰਮੇਲ ਸਿੰਘ ਕੈਲੀਫੋਰਨੀਆ ਯੂਨੀਵਰਸਿਟੀ (ਫਰਿਜ਼ਨੋ)
ਚਰਨ ਸਿੰਘ ਜੱਜ ਸੈਕਰਾਮੈਂਟੋ, ਕੁਲਵੰਤ ਸਿੰਘ ਢੇਸੀ।

ਗਾਇਕ ਕਲਾਕਾਰ: ਪੰਮੀ ਮਾਨ, ਅਨੂਪ ਚੀਮਾ, ਤਰਲੋਕ ਸਿੰਘ, ਅਮਰਜੀਤ ਸਿੰਘ ਦੁਲਈ, ਸੰਨੀ ਬੱਬਰ; ਸੰਗੀਤ: ਬੱਗਾ ਮਿਊਜ਼ੀਕਲ ਗਰੁਪ, ਸਟੇਜ: ਆਸ਼ਾ ਸ਼ਰਮਾ; ਰਛਪਾਲ ਸਿੰਘ ਫਰਵਾਲਾ ਭੰਗੜਾ ਗਰੁਪ

ਲੰਗਰ ਸੇਵਾ: ਜਿੰਮੀ ਰੈਸਟੋਰੈਂਟ, ਯੂਬਾ ਸਿਟੀ (ਕੈਲੇਫੋਰਨੀਆ)

ਦਾਖਲਾ ਅਤੇ ਪਾਰਕਿੰਗ ਮੁਫਤ

ਫਰੂਟ ਦੀ ਸੇਵਾ: ਅਟਵਾਲ ਬ੍ਰਦਰਜ਼, ਮਰਸਡ

ਸਪਾਂਸਰ: ਡਾ. ਸਤਨਾਮ ਸਿੰਘ ਉਪਲ-ਮਰਸਡ, ਸਰਬਜੀਤ ਸਿੰਘ ਅਟਵਾਲ, ਰਣਬੀਰ ਸਿੰਘ ਮਡੇਰਾ, ਰਵਿੰਦਰ ਸਿੰਘ ਜੌਹਲ, ਮੁਲਖ ਰਾਜ ਸ਼ਰਮਾ, ਸੰਨੀ ਸਮਰਾ-ਯੂਬਾ ਸਿਟੀ, ਲੀਜੈਂਟ ਟਰੱਕਿੰਗ, ਟਹਿਲ ਸਿੰਘ ਥਾਂਦੀ, ਟ੍ਰਾਈਆ ਟਰੱਕਿੰਗ, ਰਛਪਾਲ ਸਿੰਘ ਫਰਵਾਲਾ-ਪੀ ਸੀ ਐਸ, ਗੁਰਮੰਤ ਸਿੰਘ ਗਰੇਵਾਲ, ਮਹਿੰਦਰ ਸਿੰਘ ਬਾਸੀ, ਸੁਦਾਗਰ ਸਿੰਘ ਕੰਦੋਲਾ, ਕੰਦੋਲਾ ਬ੍ਰਦਰਜ਼-ਲਿਵਿੰਗਸਟਨ, ਗੁਰਨੇਕ ਸਿੰਘ ਬਾਗੜੀ-ਫਰਿਜ਼ਨੋ, ਹਰਮਨਦੀਪ ਸਿੰਘ ਸ਼ੇਰਗਿੱਲ-ਯੂਬਾ ਸਿਟੀ, ਗੋਲਡ ਸਟੇਟ ਟਰਾਂਸਪੋਰਟ, ਅਵਤਾਰ ਸਿੰਘ ਅਟਵਾਲ, ਪ੍ਰੋ. ਮੱਖਣ ਸਿੰਘ ਸੰਧੂ, ਨਰਿੰਦਰਪਾਲ ਸਿੰਘ ਹੁੰਦਲ, ਵਿਰਸਾ ਸੰਭਾਲ ਸੁਸਾਇਟੀ, ਪਰਮਜੀਤ ਸਿੰਘ ਜੌਹਲ।

### ਕਮੇਟੀ

ਪ੍ਰਧਾਨ: ਸੁਰਜੀਤ ਸਿੰਘ ਅਟਵਾਲ
ਮੀਤ ਪ੍ਰਧਾਨ: ਸਤਬੀਰ ਸਿੰਘ ਬਾਜਵਾ
ਮੀਤ ਪ੍ਰਧਾਨ: ਜਰਨੈਲ ਸਿੰਘ ਮੰਡੇਰ

ਚੇਅਰਮੈਨ: ਕੁਲਦੀਪ ਸਿੰਘ ਅਟਵਾਲ
ਮੀਤ ਚੇਅਰਮੈਨ: ਯਾਦਵਿੰਦਰ ਸਿੰਘ ਹੈਪੀ
ਸਕੱਤਰ: ਜਗਜੀਤ ਸਿੰਘ ਕੰਦੋਲਾ
ਸਹਾਇਕ ਸਕੱਤਰ: ਰਵਿੰਦਰ ਰਵੀ
ਖਜ਼ਾਨਚੀ: ਹਰਪਾਲ ਸਿੰਘ, ਸਤਿੰਦਰਪਾਲ ਸਿੰਘ ਸਰਹੱਦੀ

ਡਾਇਰੈਕਟਰ:
ਜਥੇਦਾਰ ਬਲਬੀਰ ਸਿੰਘ ਗਿੱਲ
ਜਨਕ ਰਾਜ ਸਿਧਰਾ
ਬਲਦੇਵ ਸਿੰਘ ਬੋਲੀਨਾ
*(ਲੈਂਡ ਸਕੇਪਿੰਗ ਕੰਕਰੀਟ ਸਰਵਿਸ)*

## Raja SWEETS & CATERING

AUTHORIZED CATERER FOR MAJOR 5-STAR HOTELS



**Raja Items Serving**

- ALL KINDS OF SWEETS
- SNACKS
- CHAAT STALL
- NORTH INDIAN CUISINE
- FLUDA KULFI STALL
- ON SITE TANDOOR

**Raja Catering Service**

- WEDDING CEREMONIES
- RECEPTIONS
- BIRTHADAY PARTIES
- RELIGIOUS GATHERINGS
- CORPORATE EVENTS
- PICNICS / BAR-B-QUE

**Raja Additional Service**

- WARMERS
- CHAFFING DISHES
- CHINA & SILVERWARE
- LINEN RENTAL
- WAITERS
- BARTENDERS

Contact us

Raja Sweets & Catering

Work (510)489-9100 • Cell (510)715-1619

msbains@rajasweets.com • www.rajasweets.com

www.facebook.com/rajasweetsandcatering

www.twitter.com/RAJASWEETS



## Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

**ਸਾਡੀ ਸਪੈਸ਼ਲਟੀ**

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**KASH FABRICS**

ONE STOP SHOPPING CENTER

29576 Mission Blvd, Hayward, CA 94544

Visit us on the Web at www.kashfabrics.com

**Phone: 510-538-1138**



## INDIA MARKET

SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

Chaat Plate Only for $2.99

Chaat Papdi. Samosa Chaat. Pani Puri. Dahi Vada. Bhel Puri Chaat

Music, Fabric, Artificial Jewelry, Sweets, Fresh Vegetables & more



ਭਾਰਤ ਦੇ ਆਜ਼ਾਦੀ ਦਿਵਸ ਤੇ ਇੰਡੀਆ ਮਾਰਕੀਟ ਵੱਲੋਂ ਫਰੀ ਚਾਟ ਦੀ ਸਟਾਲ ਲਗਾਈ ਗਈ

We have the largest collection for Indian, Fijian & Pakistani Grocery



**The Threading queen threading & HEENA TATTOOS**

We accept EBT cards

Call for appointment

(916) 297-0150, (916) 316-8199

Eyebrow Threading & Henna Tattoo (each hand) Only for $ 5.00

(Regular $ 8.00) Walk In Welcome Mon-Sat 10am to 7 pm

1265 Pleasant Grove Blvd. # 100 Roseville, CA 95747 916-786-7666

5203 Elkhorn Blvd.Sacramento, CA 95842 916-338-5511



## INDIA BAZAAR



Jai Ram Gaught

Harjit Gaught (Happy)

**Indian, Pakistani & Fijjian Groceries**

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES

EVERY SATURDAY & SUNDAY SPECIAL DISCOUNT ON GROCERIES

Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

Email: indiabazaar08@yahoo.com

1304-E HAMMER LANE, Suite 12, STOCKTON CA, 95210